ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 17 ਜਨਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੪ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਸ੍ਰੀ ਮੁਕਤਸਰ ਸਾਹਿਬ, ਨਵਾਂਸ਼ਹਿਰ ਅਤੇ ਗੁਰਦਾਸਪੁਰ ਦੇ ਡੀ. ਸੀ. ਦਫ਼ਤਰਾਂ ਨੂੰ

# ਬੰਬ ਨਾਲ ਉਡਾਉਣ ਦੀ ਧਮਕੀ, ਖਾਲੀ ਕਰਵਾਏ ਕੰਪਲੈਕਸ

**ਚੰਡੀਗੜ੍ਹ, 16 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ 'ਚ ਸਰਕਾਰੀ ਅਦਾਰਿਆਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਮਹੀਨੇ ਦੀ ਸ਼ੁਰੂਆਤ ਤੋਂ ਲਗਾਤਾਰ ਅਦਾਲਤਾਂ, ਸਕੂਲਾਂ ਤੇ ਹੋਰ ਅਦਾਰਿਆਂ ਨੂੰ ਬੰਬ ਧਮਾਕੇ ਦੀਆਂ ਧਮਕੀਆਂ ਮਿਲ ਰਹੀਆਂ ਹਨ। ਹੁਣ ਸ਼੍ਰੀ ਮੁਕਤਸਰ ਸਾਹਿਬ, ਨਵਾਂਸ਼ਹਿਰ ਅਤੇ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਦਫ਼ਤਰਾਂ ਨੂੰ ਧਮਕੀ ਭਰੀ ਈਮੇਲ ਪ੍ਰਾਪਤ ਹੋਈ ਹੈ, ਜਿਸ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ ਅਤੇ ਸੁਰੱਖਿਆ ਦੇ ਮੱਦੇਨਜ਼ਰ ਪੁਲਿਸ ਟੀਮਾਂ ਮੌਕੇ 'ਤੇ ਪਹੁੰਚੀਆਂ ਹੋਈਆਂ ਹਨ। ਪੁਲਿਸ ਵੱਲੋਂ ਮੌਕੇ 'ਤੇ ਡੀਸੀ ਦਫਤਰਾਂ ਨੂੰ ਖਾਲੀ ਕਰਵਾਇਆ ਗਿਆ ਹੈ ਅਤੇ ਬੰਬ ਨਿਰੋਧਕ ਤੇ ਡੌਗ ਸਕੁਇਡ ਦੀ ਮਦਦ ਨਾਲ ਜਾਂਚ ਕੀਤੀ ਜਾ ਰਹੀ ਹੈ। ਮੁੱਢਲੀ ਜਾਣਕਾਰੀ




ਅਨੁਸਾਰ, ਇਹ ਈਮੇਲ ਪਾਕਿਸਤਾਨੀ ਸੰਗਠਨ ISKP ਦੇ ਨਾਮ 'ਤੇ ਭੇਜਿਆ ਗਿਆ ਸੀ। ਪੁਲਿਸ ਦੇ ਅਨੁਸਾਰ, ਇਹ ਈਮੇਲ ਸਵੇਰੇ 9:30 ਵਜੇ ਦੇ ਕਰੀਬ ਲੱਭੀ ਗਈ ਸੀ। ਅਧਿਕਾਰੀਆਂ ਨੇ ਅਜੇ ਤੱਕ ਇਸ ਮਾਮਲੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਗੁਰਦਾਸਪੁਰ 'ਚ ਧਮਕੀ ਨੂੰ ਲੈ ਕੇ ਐਸਪੀ ਗੁਰਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੀਸੀ ਗੁਰਦਾਸਪੁਰ ਦੀ ਈਮੇਲ 'ਤੇ 8:30 ਵਜੇ ਦੇ ਕਰੀਬ ਦਫ਼ਤਰ ਨੂੰ ਉਡਾਉਣ ਦੀ ਧਮਕੀ ਆਈ ਸੀ, ਜਿਸ ਵਿੱਚ 3 ਬੰਬ ਰੱਖੇ ਹੋਣ ਬਾਰੇ ਸਾਹਮਣੇ ਆਇਆ ਸੀ, ਜਿਸ ਪਿੱਛੋਂ ਪੁਲਿਸ ਟੀਮਾਂ ਵੱਲੋਂ ਪੂਰੀ ਜਾਂਚ-ਪੜਤਾਲ ਕੀਤੀ ਗਈ ਹੈ, ਪਰੰਤੂ ਕੁੱਝ ਵੀ ਸ਼ੱਕੀ ਨਹੀਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਦੀਆਂ ਸਾਈਬਰ ਟੀਮਾਂ ਈਮੇਲ ਦੀ ਜਾਂਚ ਵੀ ਕਰ ਰਹੀਆਂ ਕਿ ਇਹ ਕਿੱਥੋਂ ਆਈਆਂ ਹਨ। ਉਧਰ, ਨਵਾਂ ਸ਼ਹਿਰ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ (ਡੀਸੀ ਕੰਪਲੈਕਸ) ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਬਾਰੇ ਪਤਾ ਲੱਗਿਆ ਹੈ। ਡੀਸੀ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਦਫਤਰ ਦੀ ਆਫੀਸ਼ੀਅਲ ਮੇਲ ਆਈਡੀ 'ਤੇ ਧਮਕੀ ਭਰੀ ਮੇਲ ਆਈ ਹੈ, ਜਿਸ ਵਿੱਚ ਡੀਸੀ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਸ ਸਬੰਧੀ ਸੂਚਨਾ ਪੁਲਿਸ ਪ੍ਰਸ਼ਾਸਨ ਨੂੰ ਦੇ ਦਿੱਤੀ ਗਈ ਹੈ ਤੇ ਪੁਲਿਸ ਦੀ ਮਦਦ ਨਾਲ ਪ੍ਰਬੰਧਕੀ ਕੰਪਲੈਕਸ ਦੀ ਚੈਕਿੰਗ ਕਰਵਾ ਕਰਵਾਈ ਗਈ ਹੈ, ਜਿਸ ਦੌਰਾਨ ਕੋਈ ਵੀ ਸ਼ੱਕੀ ਵਸਤੂ ਨਹੀਂ ਮਿਲੀ ਹੈ। ਇਸ ਦੇ ਨਾਲ ਹੀ ਪੁਲਿਸ ਪ੍ਰਸ਼ਾਸਨ ਸਾਈਬਰ ਸੈਲ ਦੇ ਜਰੀਏ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।




## ਸ੍ਰੀ ਹਰਿਮੰਦਰ ਸਾਹਿਬ ਵਿਖੇ ਨੌਜਵਾਨ ਦੀ ਵੀਡੀਓ ਦਾ ਮਾਮਲਾ ਭਖਿਆ, ਮੁੱਖ ਸਕੱਤਰ ਬੋਲੇ - ਜਾਂਚ ਕਰਾਂਗੇ



**ਅੰਮ੍ਰਿਤਸਰ, 16 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਵਿੱਤਰ ਸਰੋਵਰ 'ਚ ਬੈਠੇ ਇੱਕ ਨੌਜਵਾਨ ਦੀ ਵੀਡੀਓ ਸਾਹਮਣੇ ਆਈ ਹੈ, ਜਿਸ ਨੂੰ ਲੈ ਕੇ ਮਾਮਲਾ ਭਖ ਗਿਆ ਹੈ। ਇਹ ਮਾਮਲਾ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਵੀ ਪਹੁੰਚ ਗਿਆ ਹੈ। ਇਸ 'ਤੇ ਹੁਣ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਦਾ ਬਿਆਨ ਸਾਹਮਣੇ ਆਇਆ ਹੈ। ਕੁਲਵੰਤ ਮੰਨਣ ਨੇ ਕਿਹਾ ਕਿ ਉਹ ਇਸ ਮਾਮਲੇ ਦੀ ਜਾਂਚ ਕਰਵਾਉਣਗੇ ਅਤੇ ਵੀਡੀਓ ਬਾਰੇ ਵੀ ਜਾਂਚ ਕਰਵਾਈ ਜਾਵੇਗੀ ਕਿ ਇਹ ਅਸਲੀ ਹੈ ਜਾਂ ਫਿਰ ਏਆਈ ਰਾਹੀਂ ਬਣਾਈ ਗਈ। ਮੁੱਖ ਸਕਤਰ ਦਾ ਕਹਿਣਾ ਸੀ ਕਿ ਉਹ ਇਹ ਵੀ ਜਾਂਚ ਕਰਨਗੇ ਕਿ ਉਸ ਮੌਕੇ ਜੋ ਸੇਵਾਦਾਰ ਦੀ ਡਿਊਟੀ ਸੀ ਤਾਂ ਕਿਵੇਂ ਉਸ ਦਾ ਧਿਆਨ ਨਹੀਂ ਪਿਆ, ਜਿਸ ਕਰਕੇ ਅਜਿਹਾ ਹੋਇਆ। ਵਾਇਰਲ ਵੀਡੀਓ ਵਿੱਚ ਵੇਖਿਆ ਜਾ ਸਕਦਾ ਹੈ ਕਿ ਇੱਕ ਨੌਜਵਾਨ ਬੈਠਾ ਹੈ ਅਤੇ ਸਰੋਵਰ ਵਿੱਚੋਂ ਹੱਥ ਨਾਲ ਪਾਣੀ ਚੁੱਕਦਾ ਹੈ, ਜਿਸ ਬਾਰੇ ਉਸ ਦੀ ਗਤੀਵਿਧੀ ਸ਼ੱਕੀ ਜਾਪਦੀ ਹੈ।

## 'ਪੰਜਾਬ ਠੇਕੇ 'ਤੇ ਦਿੱਲੀ ਵਾਲਿਆਂ ਨੂੰ ਦਿੱਤਾ', ਪੰਜਾਬ ਸਰਕਾਰ ਖ਼ਿਲਾਫ਼ ਭਾਜਪਾ ਦਾ ਵੱਡਾ ਪ੍ਰਦਰਸ਼ਨ, ਭਾਜਪਾ ਆਗੂਆਂ ਨੂੰ ਪੁਲਸ ਨੇ ਹਿਰਾਸਤ 'ਚ ਲਿਆ

**ਚੰਡੀਗੜ੍ਹ, 16 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ ਪੰਜਾਬ ਵਲੋਂ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਇੱਥੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਨੇੜੇ ਵੱਡਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਭਾਜਪਾ ਆਗੂਆਂ ਵਲੋਂ ਮੁੱਖ ਮੰਤਰੀ ਰਿਹਾਇਸ਼ ਵੱਲ ਕੂਚ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਧਰਨੇ ਦੌਰਾਨ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਰਵਨੀਤ ਬਿੱਟੂ ਅਤੇ ਅਸ਼ਵਨੀ ਸ਼ਰਮਾ ਮੌਜੂਦ ਹਨ। ਪ੍ਰਦਰਸ਼ਨ ਦੌਰਾਨ ਭਾਜਪਾ ਦੇ ਵੱਡੀ ਗਿਣਤੀ 'ਚ ਮੌਜੂਦ ਹਨ ਅਤੇ ਪੰਜਾਬ ਸਰਕਾਰ ਖ਼ਿਲਾਫ਼ ਮੁਰਦਾਬਾਦ ਦੇ ਨਾਅਰੇ ਲਾਏ ਜਾ ਰਹੇ ਹਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਹ ਪੰਜਾਬ ਠੇਕੇ 'ਤੇ ਦਿੱਲੀ ਵਾਲਿਆਂ ਨੂੰ ਦਿੱਤਾ ਹੋਇਆ ਹੈ ਅਤੇ ਭਗਵੰਤ ਮਾਨ ਮੁਰਦਾਬਾਦ ਦੇ ਨਾਅਰੇ ਲਾਉਣ



ਦਾ ਕੋਈ ਫ਼ਾਇਦਾ ਨਹੀਂ ਹੈ ਕਿਉਂਕਿ ਭਗਵੰਤ ਮਾਨ ਮਖੌਟਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਇਸ ਹਾਲਾਤ 'ਚੋਂ ਸਿਰਫ ਭਾਜਪਾ ਹੀ ਬਾਹਰ ਕੱਢ ਸਕਦੀ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਹ ਚੰਗਾ ਹੁੰਦਾ ਜੇਕਰ ਭਗਵੰਤ ਮਾਨ ਬਾਹਰ ਆਉਂਦੇ ਅਤੇ ਸਾਡੇ ਸਵਾਲਾਂ ਦੇ ਜਵਾਬ ਦਿੰਦੇ ਕਿਉਂਕਿ ਅਸੀਂ ਇੱਥੇ ਆਪਣੇ ਲਈ ਨਹੀਂ ਆਏ, ਸਗੋਂ ਪੰਜਾਬ ਲਈ ਆਏ ਹਨ। ਅੱਜ ਪੰਜਾਬ ਅੰਦਰ ਗੈਂਗਸਟਰਾਂ ਦਾ ਰਾਜ ਹੈ ਅਤੇ ਅਰਾਜਕਤਾ ਦਾ ਮਾਹੌਲ ਹੈ। ਕੋਈ ਦਿਨ ਅਜਿਹਾ ਨਹੀਂ, ਸਗੋਂ ਮਾੜਾ ਫੋਨ ਨਾ ਜਗਾਉਂਦਾ ਹੋਵੇ। ਉਨ੍ਹਾਂ ਕਿਹਾ ਕਿ ਇਹ ਆਵਾਜ਼ ਭਗਵੰਤ ਮਾਨ ਜ਼ਰੀਏ ਕੇਜਰੀਵਾਲ ਤੱਕ ਜ਼ਰੂਰ ਜਾਣੀ ਚਾਹੀਦੀ ਹੈ। ਭਗਵੰਤ ਮਾਨ ਤਾਂ ਇਕ ਮੌਕਾ ਕਹਿ ਕੇ ਪੰਜਾਬ ਅੰਦਰ ਬਦਲਾਅ ਕਰਨ ਆਇਆ ਸੀ ਪਰ ਅੱਜ ਪੂਰੇ ਸੂਬੇ ਦੇ ਲੋਕਾਂ 'ਚ ਡਰ ਦਾ ਮਾਹੌਲ ਹੈ।

## 2 ਦਿਨ ਹੋਰ ਪਵੇਗੀ ਕੜਾਕੇ ਦੀ ਠੰਢ, 0 ਵਿਜ਼ੀਬਿਲਟੀ ਹੋਈ

**ਚੰਡੀਗੜ੍ਹ, 16 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ 'ਚ ਅਜੇ ਦੋ ਦਿਨ ਹੋਰ ਠੰਢ ਕਹਿਰ ਢਾਹ ਸਕਦੀ ਹੈ। ਸੂਬੇ 'ਚ ਲਗਾਤਾਰ ਸੰਘਣੀ ਧੁੰਦ ਦਾ ਅਸਰ ਵਿਖਾਈ ਦੇ ਰਿਹਾ ਹੈ। ਕਈ ਥਾਂਵਾਂ 'ਤੇ ਸੰਘਣੀ ਧੁੰਦ ਕਾਰਨ ਵਿਜ਼ੀਬਿਲਟੀ ਜ਼ੀਰੋ ਹੋਈ ਹੈ, ਜਿਸ ਕਾਰਨ ਆਵਾਜਾਈ 'ਚ ਵੱਡੀ ਪੱਧਰ 'ਤੇ ਵਿਘਨ ਪੈਂਦਾ ਨਜ਼ਰੀ ਆ ਰਿਹਾ ਹੈ। ਵਾਹਨ ਚਾਲਕਾਂ ਨੂੰ ਦਿਨ ਵੇਲੇ ਵੀ ਗੱਡੀਆਂ ਦੀਆਂ ਲਾਈਟਾਂ ਚਲਾ ਕੇ



ਜਾਣਾ ਪੈ ਰਿਹਾ ਹੈ। ਉਧਰ, ਮੌਸਮ ਵਿਭਾਗ ਵੱਲੋਂ ਦੋ ਦਿਨ ਹੋਰ ਕੜਾਕੇ ਦੀ ਠੰਢ ਦੀ ਚੇਤਾਵਨੀ ਵੀ ਜਾਰੀ ਕੀਤੀ ਗਈ ਹੈ ਅਤੇ ਧੁੰਦ ਤੇ ਸੀਤ ਲਹਿਰ ਦਾ ਯੈਲੋ ਅਲਰਟ ਜਾਰੀ ਕੀਤਾ ਹੈ। ਜੇਕਰ ਪਿਛਲੇ 24 ਘੰਟਿਆਂ ਦੀ ਗੱਲ ਕੀਤੀ ਜਾਵੇ ਤਾਂ ਬਠਿੰਡਾ ਵਿੱਚ ਸਭ ਤੋਂ ਘੱਟ ਘੱਟੋ-ਘੱਟ ਤਾਪਮਾਨ 1.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਭਾਵੇਂ ਵੱਧ ਤੋਂ ਵੱਧ ਤਾਪਮਾਨ 2.6 ਡਿਗਰੀ ਸੈਲਸੀਅਸ ਵਧਿਆ ਹੈ, ਪਰ ਇਹ ਅਜੇ ਵੀ ਆਮ ਨਾਲੋਂ 4.3 ਡਿਗਰੀ ਘੱਟ ਹੈ। ਸ਼ਨੀਵਾਰ ਤੋਂ ਸ਼ੁਰੂ ਹੋ ਰਹੇ ਅਗਲੇ ਚਾਰ ਦਿਨਾਂ ਵਿੱਚ ਘੱਟੋ-ਘੱਟ ਤਾਪਮਾਨ ਵਿੱਚ ਤਿੰਨ ਤੋਂ ਪੰਜ ਡਿਗਰੀ ਵਾਧਾ ਹੋਵੇਗਾ। 18 ਤਰੀਕ ਤੋਂ ਸੂਬੇ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। 18 ਤੋਂ 21 ਜਨਵਰੀ ਤੱਕ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਦੇ ਡਾਇਰੈਕਟਰ ਸੁਰੇਂਦਰ ਪਾਲ ਸਿੰਘ ਨੇ ਦੱਸਿਆ ਕਿ ਸੂਬੇ ਵਿੱਚ ਮੌਸਮ 16 ਅਤੇ 17 ਜਨਵਰੀ ਤੱਕ ਖੁਸ਼ਕ ਰਹਿਣ ਦੀ ਉਮੀਦ ਹੈ। 18 ਤੋਂ 21 ਜਨਵਰੀ ਤੱਕ ਹਲਕੀ ਬਾਰਿਸ਼ ਹੋ ਸਕਦੀ ਹੈ। ਇਸ ਤੋਂ ਬਾਅਦ, ਮੌਸਮ ਫਿਰ ਖੁਸ਼ਕ ਰਹਿਣ ਦੀ ਉਮੀਦ ਹੈ। ਅਗਲੇ 24 ਘੰਟਿਆਂ ਲਈ ਘੱਟੋ-ਘੱਟ ਤਾਪਮਾਨ ਵਿੱਚ ਕੋਈ ਖਾਸ ਬਦਲਾਅ ਨਹੀਂ ਹੋਵੇਗਾ। ਇਸ ਤੋਂ ਬਾਅਦ, ਅਗਲੇ ਚਾਰ ਦਿਨਾਂ ਵਿੱਚ ਤਾਪਮਾਨ ਵਿੱਚ 3 ਤੋਂ 5 ਡਿਗਰੀ ਤੱਕ ਵਾਧਾ ਹੋਣ ਦੀ ਉਮੀਦ ਹੈ। ਮੌਸਮ ਵਿਭਾਗ ਅਨੁਸਾਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਮੋਗਾ, ਬਠਿੰਡਾ, ਲੁਧਿਆਣਾ, ਬਰਨਾਲਾ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਦੇ ਕੁਝ ਇਲਾਕਿਆਂ ਵਿੱਚ ਸੰਘਣੀ ਤੋਂ ਬਹੁਤ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ। ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮਾਨਸਾ, ਸੰਗਰੂਰ, ਰੂਪਨਗਰ, ਐਸਏਐਸ ਨਗਰ (ਮੁਹਾਲੀ) ਅਤੇ ਮਲੇਰਕੋਟਲਾ ਦੇ ਕੁਝ ਹਿੱਸਿਆਂ ਵਿੱਚ ਵੀ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ।

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ

**ਚੰਡੀਗੜ੍ਹ, 16 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਅੱਜ ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਬੀਤੇ ਦਿਨੀਂ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੀ ਆਗੂ ਆਤਿਸ਼ੀ ਵੱਲੋਂ ਸਿੱਖ ਗੁਰੂ ਸਾਹਿਬਾਨ ਬਾਰੇ ਕੀਤੀ ਅਪਮਾਨਜਨਕ ਟਿੱਪਣੀ ਬਾਰੇ ਨਿੰਦਾ ਮਤਾ ਪਾਸ ਕਰਦਿਆਂ ਉਸ ਖਿਲਾਫ਼ ਸਖ਼ਤ ਕਾਰਵਾਈ ਦਾ ਫੈਸਲਾ ਕੀਤਾ ਗਿਆ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਿੱਲੀ ਦੀ ਵਿਧਾਨ ਸਭਾ ਅੰਦਰ ਚੱਲਦੇ ਸੈਸ਼ਨ ਵਿਚ ਲੋਕਾਂ ਦੁਆਰਾ ਚੁਣੇ ਹੋਏ ਨੁਮਾਇੰਦੇ ਵੱਲੋਂ ਗੁਰੂ ਸਾਹਿਬਾਨ ਬਾਰੇ ਅਪਮਾਨਜਨਕ ਸ਼ਬਦਾਵਲੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਆਮ ਆਦਮੀ ਪਾਰਟੀ ਦੀ ਆਗੂ ਵੱਲੋਂ ਆਪਣੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕਰਨ ਕਰਕੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਲਈ ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ ਦੇ 6 ਵਿਦਿਆਰਥੀਆਂ ਵੱਲੋਂ ਪੀਸੀਐਸ ਦੀ ਮੁੱਢਲੀ ਪ੍ਰੀਖਿਆ ਪਾਸ ਕਰਨ ਅਤੇ ਨਿਸ਼ਚੈ ਅਕੈਡਮੀ ਆਫ ਜੂਡੀਸ਼ੀਅਲ ਸਰਵਿਸਿਜ਼ ਬਹਾਦਰਗੜ੍ਹ ਪਟਿਆਲਾ ਦੀ ਇੱਕ ਵਿਦਿਆਰਥਣ ਵੱਲੋਂ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਲਾਅ ਅਫ਼ਸਰ ਦੀ ਪ੍ਰੀਖਿਆ ਪਾਸ ਕਰਨ ਦੀ ਵੀ ਪ੍ਰਸ਼ੰਸਾ ਕੀਤੀ ਗਈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਯਤਨ ਰਿਹਾ ਹੈ ਕਿ ਸਿੱਖ ਵਿਦਿਆਰਥੀ ਮੁਕਾਬਲਾ ਪ੍ਰੀਖਿਆਵਾਂ ਨੂੰ ਪਾਸ ਕਰਕੇ ਉੱਚ ਅਹੁਦਿਆਂ 'ਤੇ ਪਹੁੰਚਣ, ਤਾਂ ਜੋ ਉਹ ਗੁਰੂ ਬਖ਼ਸ਼ਿਸ਼ ਸਿਧਾਂਤਾਂ ਅਨੁਸਾਰ ਸਮਾਜ ਦੀ ਭਲਾਈ ਲਈ ਕਾਰਜ ਕਰ ਸਕਣ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਐਡਵੋਕੇਟ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਾਵਨ ਸਰੋਵਰ ਵਿਚ ਇਕ ਨੌਜੁਆਨ ਵੱਲੋਂ ਮਰਯਾਦਾ ਦੇ ਉਲਟ ਜਾ ਕੇ ਕੀਤੀ ਹਰਕਤ ਦੀ ਵੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਇਕ ਪਾਵਨ ਮਰਯਾਦਾ ਹੈ ਅਤੇ ਇਸ ਮਰਯਾਦਾ ਦੇ ਵਿਰੁੱਧ ਕਿਸੇ ਵੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਾਉਣ ਵਾਲੀਆਂ ਹਨ। ਉਨ੍ਹਾਂ ਹਰ ਧਰਮ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਦੀਦਾਰ ਕਰਨ ਸਮੇਂ ਇਥੋਂ ਦੀ ਪਾਵਨ ਮਰਯਾਦਾ ਦਾ ਧਿਆਨ ਰੱਖਿਆ ਜਾਵੇ। ਅੰਤ੍ਰਿੰਗ ਕਮੇਟੀ ਵੱਲੋਂ ਅੱਜ ਦੀ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਅਤੇ ਗੁਰਦੁਆਰਾ ਸਾਹਿਬਾਨ, ਟਰੱਸਟ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਰੁਟੀਨ ਅਨੁਸਾਰ ਮਾਮਲਿਆਂ ਨੂੰ ਵਿਚਾਰਿਆ ਗਿਆ। ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਤੁਗਲਵਾਲ, ਸੁਰਜੀਤ ਸਿੰਘ ਕੰਗ, ਗੁਰਪ੍ਰੀਤ ਸਿੰਘ ਝੱਬਰ, ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਬਲਦੇਵ ਸਿੰਘ ਕਾਇਮਪੁਰ, ਮੇਜਰ ਸਿੰਘ ਢਿੱਲੋਂ, ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਤੇਜਿੰਦਰ ਸਿੰਘ ਪੱਡਾ, ਪ੍ਰੀਤਪਾਲ ਸਿੰਘ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਜਸਵਿੰਦਰ ਸਿੰਘ ਜੱਸੀ, ਗੁਰਨਾਮ ਸਿੰਘ, ਹਰਭਜਨ ਸਿੰਘ ਵਕਤਾ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਐਕਸੀਅਨ ਤੇਜਿੰਦਰਪਾਲ ਸਿੰਘ, ਕਾਨੂੰਨੀ ਸਲਾਹਕਾਰ ਅਮਨਬੀਰ ਸਿੰਘ ਸਿਆਲੀ, ਇੰਚਾਰਜ ਮੇਜਰ ਸਿੰਘ, ਅਜ਼ਾਦਦੀਪ ਸਿੰਘ, ਗੁਰਮੇਜ ਸਿੰਘ, ਤਰਸੇਮ ਸਿੰਘ ਆਦਿ ਮੌਜੂਦ ਸਨ।

### 'ਆਪ' ਆਗੂ ਆਤਿਸ਼ੀ ਖ਼ਿਲਾਫ਼ ਪਾਸ ਕੀਤਾ ਮਤਾ, ਕਾਨੂੰਨੀ ਕਾਰਵਾਈ ਦੀ ਤਿਆਰੀ

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

# ਮਹਾਨ ਗੁਰਮਤਿ ਸਮਾਗਮ

• ਜੋਤੀ ਜੋਤ ਸ਼੍ਰੋਮਣੀ ਭਗਤ, ਭਗਤ ਨਾਮਦੇਵ ਸਾਹਿਬ ਜੀ • ਸਲਾਨਾ ਬਰਸੀ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਸਾਹਿਬ ਵਾਲਿਆਂ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।



ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਅਰੰਭਤਾ ਸ਼ੁਕਰਵਾਰ 10:00 ਵਜੇ ਹੋਵੇ ਅਤੇ ਐਤਵਾਰ 10:00 ਵਜੇ ਭੋਗ ਪੈਣਗੇ।

• ਸ਼ਨਿੱਚਰਵਾਰ 17 ਜਨਵਰੀ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ • ਐਤਵਾਰ 18 ਜਨਵਰੀ 2026 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਉਪਰੰਤ 12 :30 ਵਜੇ ਤੱਕ ਦੀਵਾਨ ਸੱਜਣਗੇ।

• ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਇਲਾਕਾ ਨਿਵਾਸੀ ਸਿੱਖ ਸੰਗਤਾਂ ਵੱਲੋਂ ਲਈ ਗਈ ਹੈ।

ਕਥਾ ਵਾਚਕ ਗਿਆਨੀ ਹੀਰਾਂ ਸਿੰਘ ਮਨਿਹਾਲਾ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਧਰਮੀਜੀ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛੱਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke
Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and
Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਸੰਤ ਗਿਆਨੀ ਗੁਰਬਚਨ ਸਿੰਘ ਜੀ
ਖਾਲ਼ਸਾ ਮੈਮੋਰੀਅਲ ਹਸਪਤਾਲ

ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।



+91 98767-50784 +91 98767-50784

ਸੰਤ ਗਿਆਨੀ ਹਰਨਾਮ ਸਿੰਘ
ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ

ਮਹਿਤਾ ਚੌਕ, ਅੰਮ੍ਰਿਤਸਰ

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★









SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.

ਆਵਾਜ਼ਿ ਕੌਮ
AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway
Crossing, Maqsudan
Jalandhar-144 008

**Contact :**
**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਿਹ ॥

# ਗੁਰਦੁਆਰਾ ਬਾਬਾ ਸੰਗ ਜੀ ਹਾਈ ਸਟਰੀਟ ਸਮੈਦਿਕ ਬਰਮਿੰਘਮ ਇੰਗਲੈਂਡ

ਵਿਖੇ ਮਾਘੀ ਦੇ ਇਤਿਹਾਸਿਕ ਦਿਨ ਟੁੱਟੀ ਗੰਢੀ ਦਿਹਾੜੇ ਤੇ ਮੁਕਤਸਰ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਇੰਟਰਨੈਸ਼ਨਲ ਪੰਥਕ ਦਲ ਯੂ. ਕੇ. (ਬਾਨੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ) ਵੱਲੋਂ

# ਧਾਰਮਿਕ ਸ਼ਹੀਦੀ ਸਮਾਗਮ

## 18 ਜਨਵਰੀ, 2026 (ਦਿਨ ਐਤਵਾਰ)




### ਗੁਰੂ ਪਿਆਰੀ ਸਾਧ ਸੰਗਤ ਜੀਓ,

ਜਿਸ ਤਰ੍ਹਾਂ ਆਪ ਜੀ ਭਲੀ ਭਾਂਤ ਜਾਣਦੇ ਹੋ ਕਿ ਸਿੱਖ ਇਤਿਹਾਸ ਵਿੱਚ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ ਨੂੰ ਵਿਲੱਖਣ ਮਹੱਤਤਾ ਪ੍ਰਾਪਤ ਹੈ। ਇੱਥੇ ਭਾਈ ਮਹਾ ਸਿੰਘ ਜੀ ਦੀ ਅਗਵਾਈ ਹੇਠ ਉਹ ਸਿੰਘ, ਜੋ ਆਨੰਦਪੁਰ ਸਾਹਿਬ ਦੀ ਘੇਰਾਬੰਦੀ ਦੌਰਾਨ ਬੇਦਾਵਾ ਦੇ ਕੇ ਚਲੇ ਗਏ ਸਨ, ਮਾਤਾ ਭਾਗ ਕੌਰ ਜੀ ਦੀ ਪ੍ਰੇਰਣਾ ਨਾਲ ਪਸ਼ਚਾਤਾਪ ਕਰਦੇ ਹੋਏ ਮੁੜ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿੱਚ ਆਏ। ਮੁਕਤਸਰ ਦੀ ਜੰਗ ਵਿੱਚ ਚਾਲੀ ਸਿੰਘਾਂ ਨੇ ਅਦੁੱਤੀ ਬਹਾਦਰੀ ਦਾ ਪ੍ਰਗਟਾਵਾ ਕਰਦੇ ਹੋਏ ਸ਼ਹਾਦਤਾਂ ਪ੍ਰਾਪਤ ਕਰਕੇ ਗੁਰੂ ਨਾਲੋਂ ਟੁੱਟੀ ਗੰਢੀ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਦੇਖ ਕੇ ਬੇਦਾਵਾ ਪਾੜ ਦਿੱਤਾ ਅਤੇ ਉਨ੍ਹਾਂ ਨੂੰ "ਚਾਲੀ ਮੁਕਤਿਆਂ" ਖਿਤਾਬ ਬਖ਼ਸ਼ਿਆ।

ਇਹ ਪਾਵਨ ਸ਼ਹਾਦਤ ਅੱਜ ਵੀ ਸਾਨੂੰ ਇਹ ਸੰਦੇਸ਼ ਦਿੰਦੀ ਹੈ ਕਿ ਜੇ ਅਸੀਂ ਅਣਜਾਣੇ ਵਿੱਚ ਕਦੇ ਗੁਰੂ ਤੋਂ ਬੇਦਾਵਾ ਦੇ ਬੈਠੇ ਹਾਂ, ਤਾਂ ਗੁਰੂ ਦੇ ਚਰਨਾਂ ਵਿੱਚ ਆ ਕੇ ਆਪਣੇ ਜੀਵਨ ਦਾ ਬੇਦਾਵਾ ਆਪ ਹੀ ਪਾੜੀਏ ਅਤੇ ਗੁਰੂ ਨਾਲ ਪ੍ਰੀਤ ਨਿਭਾਉਣ ਦੀ ਅਰਦਾਸ ਕਰੀਏ।

### ⋆ ਪ੍ਰੋਗਰਾਮ ⋆

ਆਰੰਭ ਸ੍ਰੀ ਅਖੰਡ ਪਾਠ ਸਾਹਿਬ 16 ਜਨਵਰੀ 2026 ਦਿਨ ਸ਼ੁਕਰਵਾਰ ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 18 ਜਨਵਰੀ 2026 ਦਿਨ ਐਤਵਾਰ ਸਵੇਰੇ 10 ਵਜੇ

**********************

ਭੋਗ ਤੋਂ ਉਪਰੰਤ ਕੀਰਤਨੀ ਜਥਾ ਭਾਈ ਬਲਵੰਤ ਸਿੰਘ ਜੀ ਕਵੀਸ਼ਰੀ ਜਥਾ ਭਾਈ ਮਲਕੀਤ ਸਿੰਘ ਬੰਗਾ ਪੰਛੀ ਭਰਾਵਾਂ ਦੀ ਜੋੜੀ, ਕਥਾਕਾਰ ਗਿਆਨੀ ਗੁਰਪਾਲ ਸਿੰਘ ਗੁਰਦਾਸਪੁਰ ਵਾਲੇ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਨਿਹਾਲ ਕਰਨਗੇ



ਕੀਰਤਨੀ ਜਥਾ
ਭਾਈ ਬਲਵੰਤ ਸਿੰਘ ਜੀ




ਕੀਰਤਨੀ ਜਥਾ, ਭਾਈ ਬਲਵੰਤ ਸਿੰਘ ਜੀ, ਕਵੀਸ਼ਰੀ ਜਥਾ ਭਾਈ ਮਲਕੀਤ ਸਿੰਘ ਬੰਗਾ, ਪੰਛੀ ਭਰਾਵਾਂ ਦੀ ਜੋੜੀ



ਕਥਾਕਾਰ ਗਿਆਨੀ ਗੁਰਪਾਲ ਸਿੰਘ ਗੁਰਦਾਸਪੁਰ ਵਾਲੇ



### ⋆ ਗੁਰੂ ਪੰਥ ਦੇ ਸੇਵਾਦਾਰ ⋆

## ਇੰਟਰਨੈਸ਼ਨਲ ਪੰਥਕ ਦਲ ਯੂ. ਕੇ.

(ਬਾਨੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ)

ਵਧੇਰੇ ਜਾਣਕਾਰੀ ਲਈ →

ਭਾਈ ਰਘਵੀਰ ਸਿੰਘ ਵਾਲਸਾਲ, ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂਕੇ, ਮੋ.: +44 7976210161
ਭਾਈ ਕਪਤਾਨ ਸਿੰਘ, ਜਨਰਲ ਸਕੱਤਰ ਤੇ ਮੁੱਖ ਬੁਲਾਰਾ, ਇੰਟਰਨੈਸ਼ਨਲ ਪੰਥਕ ਦਲ ਯੂਕੇ, +44 7788283485
ਭਾਈ ਰਘਵੀਰ ਸਿੰਘ ਬੀਰ੍ਹਾ, ਸੀਨੀਅਰ ਮੀਤ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂਕੇ ਅਤੇ (ਸਾਬਕਾ ਪ੍ਰਧਾਨ ਗੁਰਦੁਆਰਾ ਬਾਬਾ ਸੰਗ ਜੀ) +44 7930908368

**Address: GURDWARA BABA SANG JI**
**9 St Paul's Rd, Smethwick Birmingham B66 1EE**


ਘੜੀਐ ਸਬਦੁ ਸਚੀ ਟਕਸਾਲ ॥
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਵਰੋਸਾਈ ਹੋਈ ਦਮਦਮੀ ਟਕਸਾਲ ਦੇ
ਪਹਿਲੇ ਮੁਖੀ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ
ਜਨਮ ਦਿਹਾੜੇ ਨੂੰ ਸਮਰਪਿਤ 3 ਰੋਜ਼ਾ ਗੁਰਮਤਿ ਸਮਾਗਮ
22-23-24 ਜਨਵਰੀ 2026 ਨੂੰ ਸਮੂਹ ਨੌਜਵਾਨ ਸੇਵਾਦਾਰਾਂ ਵੱਲੋਂ
ਗੁਰੂ ਨਾਨਕ ਰੋਡ, ਗੁਰਦੁਆਰਾ ਸਿੰਘ ਸਭਾ ਸਾਊਥਹਾਲ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 020 8574 4311
Guru Nanak Road, Southall UB2 4NP
ਵਿਸ਼ੇਸ਼ ਨੋਟ
ਸ੍ਰੀ ਅਖੰਡ ਪਾਠ ਸਾਹਿਬ


!! ਪੂਜਾ ਅਕਾਲ ਕੀ !!
!! ਪਰਚਾ ਸ਼ਬਦ ਕਾ !!
!! ਦੀਦਾਰ ਖਾਲਸੇ ਕਾ !!
ਸਮੂੰਹ ਇਲਾਕਾ ਨਿਵਾਸੀਆਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਹਰ ਸਾਲ ਦੀ ਤਰ੍ਹਾਂ
ਸੱਤਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਅਤੇ
ਸੱਚਖੰਡ ਵਾਸੀ ਸੰਤ ਬਾਬਾ ਲਾਭ ਸਿੰਘ ਜੀ ਅਤੇ ਸੰਤ ਬਾਬਾ ਹਰੀ ਸਿੰਘ ਜੀ
ਦੇਸੂਯੋਧਾ ਵਾਲਿਆਂ ਦੀ ਮਿੱਠੀ ਯਾਦ ਨੂੰ ਸਮਰਪਿਤ
20ਵਾਂ ਸਾਲਾਨਾ ਧਾਰਮਿਕ ਸਮਾਗਮ
ਮਿਤੀ 29-30-31 ਜਨਵਰੀ 2026
ਦਿਨ ਵੀਰਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ
ਸਮਾਂ : ਸਵੇਰੇ 11 ਵਜੇ ਤੋਂ 2 ਵਜੇ ਤੱਕ
ਸਥਾਨ : ਪਿੰਡ ਜੋਗੇਵਾਲਾ
ਕੋਠੇ ਹਰਿ ਰਾਏ ਸਾਹਿਬ ਜੀ
ਨੇੜੇ ਡੱਬਵਾਲੀ ਮੰਡੀ ਸਿਰਸਾ ਵਿਖੇ
ਮਿਤੀ 31 ਜਨਵਰੀ, 3 ਵਜੇ ਅੰਮ੍ਰਿਤ ਸੰਚਾਰ ਵੀ ਹੋਵੇਗਾ
ਅੰਬੈਸਡਰ ਫਾਰ ਪੀਸ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ
ਸੰਤ ਬਾਬਾ ਬੂਟਾ ਸਿੰਘ ਗੁਰਥੜੀ ਵਾਲੇ,
ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਜੱਥਾ ਗੁਰਦੁਆਰਾ ਦਾਦੂ ਸਾਹਿਬ, ਬਾਬਾ ਜਸਵਿੰਦਰ ਸਿੰਘ ਤਿਉਣਾ ਵਾਲੇ
ਗੁਰਬਾਣੀ ਕਥਾ ਕੀਰਤਨ ਦੁਆਰਾ ਸਿੱਖ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ।
ਸਰਬੱਤ ਸੰਗਤਾਂ ਸਮੇਂ ਸਿਰ ਹਾਜ਼ਰੀ ਭਰ ਕੇ ਗੁਰਬਾਣੀ ਕਥਾ ਕੀਰਤਨ ਦਾ ਲਾਹਾ ਪ੍ਰਾਪਤ ਕਰੋ ਜੀ।
ਬੇਨਤੀ ਕਰਤਾ -
ਸਮੂੰਹ ਸਾਧ ਸੰਗਤ, ਪਿੰਡ ਜੋਗੇਵਾਲਾ, ਨੇੜੇ ਡੱਬਵਾਲੀ, ਸਿਰਸਾ
86840-10671, 94167-69745, 95887-20116
94679-08015, 87088-48139




**ਅੱਜ 17 ਜਨਵਰੀ ਲਈ ਜਨਮ ਦਿਨ ’ਤੇ ਵਿਸ਼ੇਸ਼**

# ਕੌਮੀ ਪਿਆਰ ਨਾਲ ਲਬਰੇਜ਼ ਸਨ - ਸ. ਕ੍ਰਿਪਾਲ ਸਿੰਘ ਚੀਫ਼ ਖ਼ਾਲਸਾ ਦੀਵਾਨ

-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ : 98143-24040



ਜਦੋਂ ਵੀ ਪ੍ਰਬੰਧਕੀ ਪੱਖੋਂ ਯੋਗ ਕਿਸੇ ਆਗੂ ਦੀ ਗੱਲ ਚੱਲਦੀ ਹੈ ਤਾਂ ਆਪਣੇ ਸਮੇਂ ਚੀਫ਼ ਖ਼ਾਲਸਾ ਦੀਵਾਨ ਵਰਗੀ ਵੱਡੀ ਸਿੱਖ ਸੰਸਥਾ ਦੇ ਮੁੱਖ ਸੇਵਾਦਾਰ ਸ। ਕ੍ਰਿਪਾਲ ਸਿੰਘ ਦੀ ਯਾਦ ਆਉਂਦੀ ਹੈ ।ਜੋ ਇਸ ਵਿੱਦਿਆ ਦੇ ਪ੍ਰਚਾਰ ਤੇ ਪ੍ਰਸਾਰ ਲਈ ਲਗਾਤਾਰ ਯਤਨਸ਼ੀਲ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੇ ਲਗਾਤਾਰ 17 ਸਾਲ ਪ੍ਰਧਾਨ ਰਹੇ ।ਸ। ਕ੍ਰਿਪਾਲ ਸਿੰਘ ਦੇ ਹਿਰਦੇ ਵਿੱਚ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਦਰਦ ਰਗ-ਰਗ ਵਿੱਚ ਸਮਾਇਆ ਹੋਇਆ ਸੀ ।ਇਸੇ ਕਰਕੇ ਪੰਜਾਬ ਦੇ ਲੋਕ ਉਸ ਨੂੰ ਚਿੱਟੀ ਦਸਤਾਰ ਵਾਲਾ ਅਕਾਲੀ ਆਖਦੇ ਸਨ ।ਸ। ਕ੍ਰਿਪਾਲ ਸਿੰਘ ਦਾ ਜਨਮ 17 ਜਨਵਰੀ, 1917 ਈ: ਨੂੰ ਸਿਆਲਕੋਟ ਜ਼ਿਲ੍ਹੇ ਦੀ ਤਹਿਸੀਲ ਨਾਰੋਵਾਲ ਦੇ ਪਿੰਡ ਸਨਖਤਰਾ (ਲਹਿੰਦਾ ਪੰਜਾਬ) ਵਿਖੇ ਸ। ਉੱਤਮ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖ ਤੋਂ ਹੋਇਆ। ਬਚਪਨ ਵਿੱਚ ਹੀ ਇਨ੍ਹਾਂ ਦੇ ਮਾਤਾ-ਪਿਤਾ ਸਦੀਵੀ ਵਿਛੋੜਾ ਦੇ ਗਏ। ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਦਾਦੀ ਜੈ ਕੌਰ ਨੇ ਨਿਭਾਈ ।

ਛੋਟੀ ਉਮਰ ਵਿੱਚ ਸਕੂਲ ਵਿੱਚ ਪੜ੍ਹਦਿਆਂ ਹੀ ਗੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਆਪ ਦੀ ਰੁਚੀ ਸਿਆਸੀ ਕਾਰਜਾਂ ਤੇ ਸਮਾਜ ਸੇਵਾ ਵਿੱਚ ਲੱਗ ਗਈ ।ਕੌਮੀ ਪਿਆਰ ਨਾਲ ਲਬਰੇਜ਼ ਸ। ਕ੍ਰਿਪਾਲ ਸਿੰਘ 18 ਵਰ੍ਹਿਆਂ ਦੀ ਭਰ ਜਵਾਨੀ ਦੀ ਉਮਰ ਵਿੱਚ ਕਾਂਗਰਸ ਪਾਰਟੀ ਦਾ ਮੈਂਬਰ ਬਣ ਗਿਆ ।ਜਦੋਂ ਭਾਰਤ ਛੱਡੋ ਅੰਦੋਲਨ ਦੀ ਲਹਿਰ ਪੂਰੇ ਦੇਸ਼ ਵਿੱਚ ਚੱਲ ਰਹੀ ਸੀ, ਇਸ ਲਹਿਰ ਦਾ ਪ੍ਰਚਾਰ ਤੇ ਪ੍ਰਸਾਰ ਜ਼ੋਰ-ਸ਼ੋਰ ਨਾਲ ਕੀਤਾ, ਇਸ ਦੇ ਸਿੱਟੇ ਵਜੋਂ ਗ੍ਰਿਫਤਾਰ ਕਰ ਲਿਆ ਗਿਆ ।ਛੇ ਮਹੀਨੇ ਦੀ ਕੈਦ ਕੱਟੀ ।1947 ਵਿੱਚ ਜਦੋਂ ਦੀ ਵੰਡ ਹੋਈ ਤਾਂ ਪੰਜਾਬ ਦੋ ਟੋਟਿਆਂ ਵਿੱਚ ਵੰਡਿਆ ਗਿਆ ।ਸ। ਕ੍ਰਿਪਾਲ ਸਿੰਘ 30 ਕੁ ਵਰ੍ਹੇ ਦੇ ਜਵਾਨ ਉਮਰ ਦੇ ਨੌਜਵਾਨ ਸਨ, ਕੌਮੀ ਦਰਦ ਨਾਲ ਲਬਰੇਜ਼ ਇਸ ਨੌਜਵਾਨ ਦਾ ਹਿਰਦਾ ਵੀ ਵਲੂੰਧਰਿਆ ਗਿਆ ।ਲਹਿੰਦੇ ਪੰਜਾਬ ਨੂੰ ਛੱਡ ਕੇ ਚੜ੍ਹਦੇ ਪੰਜਾਬ ਦੇ ਸ਼ਹਿਰ ਗੁਰੂ ਕੀ ਨਗਰੀ ਅੰਮ੍ਰਿਤਸਰ ਆ ਵਸੇ ।ਪਾਕਿਸਤਾਨ ਤੋਂ ਰਿਫਿਊਜੀ ਬਣ ਕੇ ਆਏ, ਪਾਕਿਸਤਾਨ ਤੋਂ ਲੁੱਟੇ-ਪੁੱਟੇ ਅਤੇ ਬੇ-ਘਰੇ ਲੋਕਾਂ ਦੀ ਪੀੜਾ ਸਹਾਰੀ ਨਾ ਗਈ ।ਅੰਮ੍ਰਿਤਸਰ ਪੁੱਜ ਕੇ ਇਕ ਮਸੀਹੇ ਦੀ ਤਰ੍ਹਾਂ ਇਨ੍ਹਾਂ ਬੇਘਰੇ ਲੋਕਾਂ ਨੂੰ ਮੁੜ ਵਸਾਉਣ ਲਈ ਦਿਨ ਰਾਤ ਇਕ ਕਰ ਦਿੱਤਾ ।ਹੁਣ ਆਪਣੀ ਰਿਹਾਇਸ਼ ਵੀ ਸਥਾਈ ਤੌਰ ਤੇ ਅੰਮ੍ਰਿਤਸਰ ਵਿਖੇ ਹੀ ਕਰ ਲਈ ।ਮਾਤਾ-ਪਿਤਾ ਤੋਂ ਵਾਂਝੇ ਇਸ ਨੌਜਵਾਨ ਨੂੰ ਬਚਪਨ ਤੋਂ ਹੁਣ ਤੱਕ ਹੰਢਾਏ ਦੁੱਖਾਂ ਦਾ ਭਲੀ-ਭਾਂਤ ਪਤਾ ਸੀ ।ਉੱਜੜ-ਪੁੱਜੜ ਨੇ ਲੋਕਾਂ ਦੇ ਦਰਦ ਦਾ ਭਾਈਵਾਲ ਬਣਨ ਲਈ ਹੁਣ ਦਿਨ-ਰਾਤ ਲੋਕ ਸੇਵਾ ਵਿੱਚ ਜੁੱਟ ਗਏ ।ਰਿਫਿਊਜੀ ਲੋਕਾਂ ਵੱਲੋਂ ਮਿਲਿਆ ਪਿਆਰ ਪੂਰਾ ਜੀਵਨ ਲੋਕ ਸੇਵਾ ਲਈ ਜੁੱਟ ਜਾਣ ਲਈ ਪ੍ਰੇਰਦਾ ਰਿਹਾ । 1948 ਤੋਂ ਇਸੇ ਲੋਕ ਪਿਆਰ ਦਾ ਸਿੱਟਾ ਅੰਮ੍ਰਿਤਸਰ ਸ਼ਹਿਰ ਦੀ ਮਿਊਂਸਿਪਲ ਕਮੇਟੀ ਦੇ ਬਿਨਾਂ ਮੁਕਾਬਲਾ ਮੈਂਬਰ ਬਣਦੇ ਰਹੇ ।1972 ਤੋਂ 1975 ਤੱਕ ਮਿਊਂਸਿਪਲ ਕਮੇਟੀ ਦੇ ਪ੍ਰਧਾਨ ਵੀ ਰਹੇ ।

ਆਵਾਜ਼ਿ ਕੌਮ AWAZE QAUM International Newspaper & WEB TV

1952 ਈ: ਵਿੱਚ ਜਦੋਂ ਇਨ੍ਹਾਂ ਕਾਂਗਰਸ ਪਾਰਟੀ ਵਿੱਚ ਸਿਧਾਂਤਕ ਵੱਖਰੇਵਾਂ ਵੇਖਿਆ ਤਾਂ ਪਾਰਟੀ ਛੱਡ ਕੇ ਸੋਸ਼ਿਲਸਟ ਪਾਰਟੀ ਵਿੱਚ ਸ਼ਾਮਿਲ ਹੋ ਗਏ ।1975 ਈ: ਵਿੱਚ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਦਾ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਿੱਚ ਸਖ਼ਤ ਵਿਰੋਧ ਕੀਤਾ । ਇਸੇ ਵਿਰੋਧ ਕਰਕੇ 19 ਮਹੀਨੇ ਦੀ ਕੈਦ ਕੱਟੀ ।1969 ਈ: ਵਿੱਚ ਸੋਸ਼ਿਲਸਟ ਪਾਰਟੀ ਦੀ ਟਿਕਟ ‘ਤੇ ਪੰਜਾਬ ਵਿਧਾਨ ਸਭਾ ਦੇ ਵਿਧਾਇਕ ਚੁਣੇ ਗਏ ।1977 ਅਤੇ 1985 ਈ: ਵਿੱਚ ਜਨਤਾ ਪਾਰਟੀ ਦੀ ਟਿਕਟ ਉੱਤੇ ਦੋ ਵਾਰ ਫਿਰ ਵਿਧਾਇਕ ਬਣੇ ।1989 ਦੀਆਂ ਲੋਕ ਸਭਾ ਚੋਣਾਂ ਸਮੇਂ ਅਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਦੇ ਮੈਂਬਰ ਪਾਰਲੀਮੈਂਟ ਬਣੇ ।ਵਿਧਾਨ ਸਭਾ ਦੇ ਲੋਕ ਸਭਾ ਵਿੱਚ ਦੇਸ਼ ਦੀਆਂ ਅਨੇਕਾਂ ਸਮੱਸਿਆਵਾਂ ਬਾਰੇ ਇਕ ਸਫਲ ਬੁਲਾਰੇ ਤੇ ਸਮਾਜਿਕ ਵਿਗਿਆਨੀ ਵਜੋਂ ਯਾਦਗਾਰੀ ਤਕਰੀਰਾਂ ਕਰਕੇ ਸਮੁੱਚੇ ਦੇਸ਼ ਦੇ ਸਿਆਸੀ ਲੋਕਾਂ ਵਿੱਚ ਪਹਿਚਾਣ ਬਣ ਗਈ ।ਹਰ ਭਾਸ਼ਨ ਸ਼ੇਅਰੋ-ਸ਼ਾਇਰੀ ਨਾਲ ਸ਼ਿੰਗਾਰਿਆ ਲੋਕ ਭਾਵਨਾਵਾਂ ਨੂੰ ਬਿਆਨ ਕਰਦਾ ਸੀ ।ਸ। ਕ੍ਰਿਪਾਲ ਸਿੰਘ ਦੀ ਸਿੱਖਾਂ ਦੀਆਂ ਧਾਰਮਿਕ, ਸੱਭਿਆਚਾਰਕ, ਆਰਥਿਕ ਅਤੇ ਵਿੱਦਿਅਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਅਤੇ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਵਿੱਚ ਵਿਸ਼ੇਸ਼ ਰੁਚੀ ਸੀ ।ਇਸੇ ਕਰਕੇ ਚੀਫ਼ ਖ਼ਾਲਸਾ ਦੀਵਾਨ ਦੇ 17 ਸਾਲ ਤੱਕ ਲਗਾਤਾਰ ਪ੍ਰਧਾਨ ਰਹੇ ।ਉਨ੍ਹਾਂ ਨਾਲ ਚੀਫ਼ੀਆ ਵਿਸ਼ੇਸ਼ਣ ਸਥਾਈ ਤੌਰ ‘ਤੇ ਜੁੜ ਗਿਆ ।ਜੀਵਨ ਦੇ ਅਹਿਮ 17 ਵਰ੍ਹੇ ਚੀਫ਼ ਖ਼ਾਲਸਾ ਦੀਵਾਨ ਦੀਆਂ ਵਿੱਦਿਅਕ ਸੰਸਥਾਵਾਂ ਨੂੰ ਆਦਰਸ਼ ਸੰਸਥਾ ਵਿੱਚ ਬਦਲਣ ਵਿੱਚ ਵਿਸ਼ੇਸ਼ ਰੁਚੀ ਵਿਖਾਈ ।ਇਨ੍ਹਾਂ ਸੰਸਥਾਵਾਂ ਨੂੰ ਮਾਇਕ ਤੌਰ ‘ਤੇ ਮਜ਼ਬੂਤ ਕੀਤਾ, ਵੱਖ-ਵੱਖ ਥਾਵਾਂ ‘ਤੇ ਵਿੱਦਿਅਕ-ਕਾਨਫਰੰਸਾਂ ਕਰਕੇ ਲੋਕ ਮਨਾਂ ਵਿੱਚ ਸਿੱਖਿਆ ਦੇ ਮਹੱਤਵ ਨੂੰ ਉਜਾਗਰ ਕੀਤਾ ।ਅੱਜ ਪੰਜਾਬ ਦੇ ਲੋਕ, ਜਿਨ੍ਹਾਂ ਉਨ੍ਹਾਂ ਨੂੰ ਨੇੜਿਉਂ ਤੱਕਿਆ ਨੂੰ ਇਕ ਸਫ਼ਲ ਬੁਲਾਰੇ ਵਜੋਂ ਯਾਦ ਕਰਦੇ ਹਨ, ਜਿਨ੍ਹਾਂ ਦੀ ਹਰ ਤਕਰੀਰ ਵਿਦਵਤਾ ਅਤੇ ਜਾਣਕਾਰੀ ਭਰਪੂਰ ਹੁੰਦੀ ਸੀ ।ਜਿਸ ਸਭਾ ਵਿੱਚ ਵੀ ਸ। ਕ੍ਰਿਪਾਲ ਸਿੰਘ ਬੁਲਾਰੇ ਵਜੋਂ ਲੋਕਾਂ ਦੇ ਸਨਮੁੱਖ ਹੁੰਦੇ ਸਨ, ਹਰ ਇਕ ਸਰੋਤਾ ਉਨ੍ਹਾਂ ਦੀ ਭਰਪੂਰ ਪ੍ਰਸ਼ੰਸਾ ਕਰਦਾ ਸੀ । 20 ਅਗਸਤ 2002 ਈ: ਵਿੱਚ ਆਪਣੇ ਡਾਕਟਰ ਸਪੁੱਤਰ ਸ। ਰਣਬੀਰ ਸਿੰਘ ਦੇ ਹੱਥਾਂ ਵਿੱਚ ਪੰਜਾਬ ਦਾ ਇਹ ਮਹਾਨ ਸਪੂਤ ਲੱਖਾਂ ਗਰੀਬਾਂ, ਨਿਆਸਰਿਆਂ ਅਤੇ ਲੋੜਵੰਦਾਂ ਦਾ ਮਸੀਹਾ, ਜਲੰਧਰ ਸ਼ਹਿਰ ਵਿਖੇ ਇਸ ਫਾਨੀ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਆਖ ਗਿਆ ।ਸ। ਕ੍ਰਿਪਾਲ ਸਿੰਘ ਹਰ ਮਨੁੱਖ ਦੇ ਦੁੱਖ ਵਿੱਚ ਸ਼ਰੀਕ ਹੋਣ ਵਾਲਾ, ਬਿਨਾਂ ਕਿਸੇ ਜਾਤ/ਧਰਮ ਦੇ ਵਿਤਕਰੇ, ਹਰ ਕਿਸੇ ਦੇ ਦੁੱਖ ਵੰਡਾਉਣ ਵਾਲਾ ਨਿਰਛਲ ਵਿਅਕਤੀ ਸੀ। ਲੋਕ-ਸੇਵਕ ਵਜੋਂ ਬਣੀ ਪਹਿਚਾਣ ਕਰਕੇ ਉਹ ਲੋਕ ਮਨਾਂ ਵਿੱਚ ਅੱਜ ਵੀ ਹਾਜ਼ਰ-ਨਾਜ਼ਰ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਿਹ ਜੀ ॥



ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥
ਸੱਚੀ ਦਰਗਹ ਜਾਇ ਸਚਾ ਪਿੜ ਮਲਿਆ ॥

ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸੱਚਖੰਡਵਾਸੀ ਸ਼੍ਰੀਮਾਨ ਸੰਤ ਬਾਬਾ ਜਸਵੰਤ ਸਿੰਘ ਸਾਹਿਬ ਜੀ ਦੇ ਛੋਟੇ ਭਰਾਤਾ ਅਤੇ ਬਾਬਾ ਅਨਹਦਰਾਜ ਸਿੰਘ ਜੀ ਦੇ ਸਤਿਕਾਰ ਯੋਗ ਪਿਤਾ ਜੀ

# ਸਰਦਾਰ ਅਮਰਜੀਤ ਸਿੰਘ ਜੀ

ਮਿਤੀ 15/1/2026 ਨੂੰ ਅੰਮ੍ਰਿਤਵੇਲੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਸੱਚਖੰਡ ਜਾ ਬਿਰਾਜੇ ਹਨ। ਉਨ੍ਹਾਂ ਦਾ **ਅੰਤਿਮ ਸੰਸਕਾਰ** ਮਿਤੀ **17/01/2026 ਦਿਨ ਸ਼ਨੀਵਾਰ** ਨੂੰ **ਗਊਘਾਟ ਸ਼ਮਸ਼ਾਨ ਘਾਟ ਲੁਧਿਆਣਾ** ਵਿਖੇ **ਦੁਪਹਿਰ 12:00 ਵਜੇ** ਕੀਤਾ ਜਾਣਾ ਹੈ। ਸੋ ਆਪ ਸਭ ਨੇ ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਹਾਜ਼ਰ ਹੋਣ ਦੀ ਕਿਰਪਾਲਤਾ ਕਰਨੀ ਜੀ।

---

**ਬੇਨਤੀ- ਬਾਬਾ ਅਨਹਦ ਰਾਜ ਸਿੰਘ ਜੀ**
ਗੁਰਦੁਆਰਾ ਨਾਨਕਸਰ ਸਾਹਿਬ, ਸਮਰਾਲਾ ਚੌਂਕ
ਲੁਧਿਆਣਾ।

ਆਵਾਜ਼ਿ ਕੌਮ AWAZE QAUM International Newspaper & WEB TV

ਗੁਰਦੁਆਰਾ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਵਿਖੇ

# ਨਿਤਨੇਮ ਦੀ ਸੰਥਿਆ ਹੋਈ ਆਰੰਭ











**ਨਵੀਂ ਦਿੱਲੀ 16 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਦੇ ਸਿੱਖ ਵਸੋਂ ਵਾਲੇ ਇਲਾਕੇ ਫਤਹਿ ਨਗਰ ਜੇਲ੍ਹ ਰੋਡ ਵਿਖ਼ੇ ਛੋਟੇ ਸਾਹਿਬਜਾਦਿਆਂ ਦੀ ਯਾਦ ਵਿਚ ਬਣੇ ਗੁਰਦੁਆਰਾ ਬਾਬਾ ਜ਼ੋਰਾਵਰ ਸਿੰਘ ਜੀ ਬਾਬਾ ਫ਼ਤਿਹ ਸਿੰਘ ਜੀ ਵਿਖ਼ੇ ਬੀਤੇ ਦਿਨ ਤੋਂ ਨਿਤਨੇਮ ਦੀ ਸੰਥਿਆ ਸ਼ੁਰੂ ਹੋ ਗਈ ਹੈ ਤੇ ਨਿਤਨੇਮ ਦੀ ਸੰਥਿਆ ਦੀ ਸਮਾਪਤੀ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਆਰੰਭ ਕਰ ਦਿੱਤੀ ਜਾਏਗੀ । ਇਸ ਬਾਰੇ ਜਾਣਕਾਰੀ ਦੇਂਦਿਆ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਪ੍ਰੀਤਮ ਸਿੰਘ, ਭਾਈ ਅਮਨਦੀਪ ਸਿੰਘ ਨੇ ਦਸਿਆ ਕਿ ਗੁਰਦੁਆਰਾ ਸਾਹਿਬ ਵਿਖੇ 15 ਜਨਵਰੀ 2026 ਤੋਂ ਨਿਤਨੇਮ ਦੀਆਂ ਪੰਜ ਬਾਣੀਆਂ ਦੇ ਪਾਠ ਅਰਥਾਂ ਸਮੇਤ ਸ਼ੁਰੂ ਕੀਤੇ ਗਏ ਹਨ, ਇਹ ਪਾਠ ਸੰਗਤੀ ਰੂਪ ਵਿੱਚ ਰੋਜ਼ਾਨਾ ਸ਼ਾਮ 4 ਵਜੇ ਤੋਂ 5 ਵਜੇ ਤੱਕ ਹੋਇਆ ਕਰੇਗਾ ਅਤੇ ਸੰਗਤਾਂ ਨੂੰ ਇਸ ਵਿਚ ਗੁਰਬਾਣੀ ਸ਼ੁੱਧ ਉਚਾਰਨ (ਸੰਥਿਆ) ਦੇ ਨਾਲ ਨਾਲ ਅਰਥ ਵੀ ਸਮਝਾਏ ਜਾਣਗੇ। ਉਨ੍ਹਾਂ ਦਸਿਆ ਕਿ ਇਸ ਤੋਂ ਪਹਿਲਾਂ ਵੀ ਗੁਰਦੁਆਰਾ ਸਾਹਿਬ ਵਿਖ਼ੇ ਨੌਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਅੰਨਿਨ ਸਿੱਖ ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਹਿਜ ਪਾਠ ਦੀ ਲੜੀ ਚਲਾਈ ਗਈ ਸੀ ਜਿਸ ਵਿਚ ਵਡੀ ਗਿਣਤੀ ਅੰਦਰ ਸੰਗਤਾਂ ਨੇ ਸ਼ਮੂਲੀਅਤ ਕੀਤੀ ਸੀ ਤੇ ਹੁਣ ਵੀ ਵਡੀ ਗਿਣਤੀ ਵਿਚ ਨਿਤਨੇਮ ਦੀ ਸੰਥਿਆ ਅਤੇ ਗੁਰਬਾਣੀ ਨੂੰ ਸ਼ੁੱਧ ਉਚਾਰਨ ਦੀ ਸਿੱਖੀਆ ਲਈ ਗੁਰਦੁਆਰਾ ਸਾਹਿਬ ਵਿਖ਼ੇ ਸੰਗਤਾਂ ਹਾਜ਼ਰੀਆਂ ਭਰ ਰਹੀਆਂ ਹਨ। ਇਸ ਮੌਕੇ ਗ੍ਰੰਥੀ ਸਿੰਘ ਭਾਈ ਇਕਬਾਲ ਸਿੰਘ ਅਤੇ ਭਾਈ ਜਗਦੇਵ ਸਿੰਘ ਨੇ ਦਸਿਆ ਕਿ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ 25 ਜਨਵਰੀ ਨੂੰ ਸਵੇਰੇ ਗੁਰਦੁਆਰਾ ਸਾਹਿਬ ਵਿਖ਼ੇ ਅੰਮ੍ਰਿਤ ਸੰਚਾਰ ਕਰਵਾਏ ਜਾ ਰਹੇ ਹਨ ਜਿਹੜੀਆਂ ਸੰਗਤਾਂ ਹਾਲੇ ਤਕ ਗੁਰੂ ਵਾਲੀ ਨਹੀਂ ਬਣੀਆਂ ਹਨ ਓਹ ਇਸ ਮੌਕੇ ਅੰਮ੍ਰਿਤ ਸੰਚਾਰ ਵਿਚ ਹਾਜ਼ਰੀ ਭਰ ਕੇ ਗੁਰੂ ਵਾਲੇ ਬਣ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਣ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਨੂੰ ਇਸ ਸੰਥਿਆ ਕਲਾਸ ਵਿੱਚ ਵੱਧ ਤੋਂ ਵੱਧ ਹਾਜ਼ਿਰੀ ਵਿਚ ਪਹੁੰਚ ਕੇ ਗੁਰਬਾਣੀ ਨੂੰ ਸ਼ੁੱਧ ਉਚਾਰਣ ਕਰਣ ਅਤੇ ਉਨ੍ਹਾਂ ਦੇ ਅਰਥਾਂ ਨੂੰ ਸਮਝਣ ਦੀ ਅਪੀਲ ਕੀਤੀ ਗਈ । ਇਥੇ ਦਸਣਯੋਗ ਹੈ ਕਿ ਨਿਤਨੇਮ ਸੰਥਿਆ ਦੀ ਆਰੰਭਤਾ ਦੀ ਅਰਦਾਸ ਗ੍ਰੰਥੀ ਸਿੰਘ ਭਾਈ ਅਮਨਦੀਪ ਸਿੰਘ ਵਲੋਂ ਕੀਤੀ ਗਈ ਉਪਰੰਤ ਭਾਈ ਇਕਬਾਲ ਸਿੰਘ ਵਲੋਂ ਜਪੁਜੀ ਸਾਹਿਬ ਦੀ ਸੰਥਿਆ ਸ਼ੁਰੂ ਕੀਤੀ ਗਈ ਜਿਸ ਨੂੰ ਅੱਗੇ ਸਮੂਹ ਗ੍ਰੰਥੀ ਸਿੰਘ ਮਿਲਕੇ ਆਪਣੀ ਵਾਰੀ ਮੁਤਾਬਿਕ ਚਲਦਾ ਰੱਖਣਗੇ ਅਤੇ ਇਹ ਸਾਰਾ ਉਪਰਾਲਾ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਾਲ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘਾਂ ਦੇ ਸਹਿਯੋਗ ਰਾਹੀਂ ਕਰਵਾਇਆ ਜਾ ਰਿਹਾ ਹੈ।

### 25 ਜਨਵਰੀ ਨੂੰ ਗੁਰਦੁਆਰਾ ਸਾਹਿਬ ਵਿਖ਼ੇ ਬਾਬਾ ਦੀਪ ਸਿੰਘ ਜੀ ਨੂੰ ਸਮਰਪਿਤ ਹੋ ਰਹੇ ਹਨ ਅੰਮ੍ਰਿਤ ਸੰਚਾਰ

## ਸੰਤ ਬਾਬਾ ਗੁਰਦੀਪ ਸਿੰਘ ਤਰਸਿੱਕੇ ਵਾਲਿਆਂ ਲੋਹੜੀ ਮਨਾਈ ਲੋੜਵੰਦਾਂ ਨਾਲ



**ਚੌਕ ਮਹਿਤਾ,16 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰਦੁਆਰਾ ਟਾਹਲਾ ਸਾਹਿਬ ਤਰਸਿੱਕਾ ਵਾਲਿਆਂ ਦੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਬਾਬਾ ਗੁਰਦੀਪ ਸਿੰਘ ਤਰਸਿੱਕੇ ਵਾਲਿਆਂ ਨੇ ਲੋੜਵੰਦਾਂ ਲੋਕਾਂ ਨਾਲ ਲੋਹੜੀ ਦਾ ਤਿਉਹਾਰ ਮਨਾਇਆ ਅੱਤ ਠੰਡ ਨੂੰ ਦੇਖਦੇ ਹੋਏ ਉਨ੍ਹਾਂ ਨੇ ਲੋੜਵੰਦਾਂ ਗਰਮ ਕੰਬਲ ਅਤੇ ਮੂੰਗਫਲੀ ਰਿਓੜੀਆਂ ਆਦਿ ਪਦਾਰਥ ਵੰਡੇ। ਇਸ ਮੌਕੇ ਤੇ ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੇ ਸਮੂਹ ਪੰਜਾਬੀਆਂ ਨੇ ਸੰਤ ਬਾਬਾ ਗੁਰਦੀਪ ਸਿੰਘ ਤਰਸਿੱਕੇ ਵਾਲਿਆਂ ਦੀ ਪ੍ਰਸੰਸਾ ਕੀਤੀ। ਇਸ ਮੌਕੇ ਤੇ ਉਨ੍ਹਾਂ ਦੇ ਨਾਲ ਸੇਵਾਦਾਰ ਹਾਜਰ ਸਨ।

## ਮੁੱਖ ਮੰਤਰੀ ਮਾਨ ਦੀਆਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ’ਚ ਬੇਨਿਯਮੀਆਂ ਅਤੇ ਖ਼ਾਮੀਆਂ ਸਬੰਧੀ ਸ਼ਿਕਾਇਤਾਂ ਬਿਨਾਂ ਦੇਰੀ ਜਨਤਕ ਕੀਤੇ ਜਾਣ : ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 16 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਚਿੰਤਕ ਅਤੇ ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਗਿਆਨੀ ਕੁਲਦੀਪ ਸਿੰਘ ਗੜਗੱਜ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ’ਚ ਕਥਿਤ ਬੇਨਿਯਮੀਆਂ ਅਤੇ ਖ਼ਾਮੀਆਂ ਸਬੰਧੀ ਦਿੱਤੀਆਂ ਗਈਆਂ ਸ਼ਿਕਾਇਤਾਂ ਨੂੰ ਤੁਰੰਤ ਅਤੇ ਬਿਨਾਂ ਕਿਸੇ ਦੇਰੀ ਦੇ ਜਨਤਕ ਕਰਨ ਦੀ ਮੰਗ ਕੀਤੀ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਗੁਰੂ ਕੇ ਗੋਲਕ ਬਾਰੇ ਬਿਆਨਬਾਜ਼ੀ ਦੇ ਮਾਮਲੇ ਵਿੱਚ ਤਲਬ ਕੀਤੇ ਜਾਣ ਉਪਰੰਤ ਮੁੱਖ ਮੰਤਰੀ ਮਾਨ ਵੱਲੋਂ 25-30 ਹਜ਼ਾਰ ਸ਼ਿਕਾਇਤਾਂ ਦਾ ਇੱਕ ਪੁਲੰਦਾ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਹਵਾਲੇ ਕਰਨਾ ਕੋਈ ਸਧਾਰਨ ਘਟਨਾ ਨਹੀਂ, ਸਗੋਂ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਅਤੇ ਸੰਭਾਵਿਤ ਘਪਲਿਆਂ ਨਾਲ ਜੁੜਿਆ ਇੱਕ ਗੰਭੀਰ ਮਸਲਾ ਹੈ, ਜਿਸ ਦੀ ਸਚਾਈ ਸਿੱਖ ਸੰਗਤ ਦੇ ਸਾਹਮਣੇ ਲਿਆਂਦੀ ਜਾਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਹ ਸਬੂਤ ਜਨਤਕ ਕਰਨਾ ਇਸ ਲਈ ਵੀ ਜ਼ਰੂਰੀ ਹੈ ਤਾਂ ਜੋ ਸਿੱਖ ਸੰਗਤ ਖ਼ੁਦ ਫ਼ੈਸਲਾ ਕਰ ਸਕੇ ਕਿ ਕੀ ਵਾਸਤਵ ਵਿੱਚ ਗੁਰੂ ਕੇ ਗੋਲਕ ਦੀ ਦੁਰਵਰਤੋਂ ਹੋ ਰਹੀ ਹੈ ਜਾਂ ਫਿਰ ਇਹ ਸਾਰਾ ਮਾਮਲਾ ਸਿੱਖ ਸੰਸਥਾਵਾਂ ਨੂੰ ਬਦਨਾਮ ਕਰਨ ਅਤੇ ਸਿੱਖ ਭਾਵਨਾਵਾਂ ਨਾਲ ਖੇਡਣ ਲਈ ਰਚਿਆ ਗਿਆ ਇੱਕ ਰਾਜਨੀਤਿਕ ਡਰਾਮਾ ਹੈ। ਪ੍ਰੋ. ਖਿਆਲਾ ਨੇ ਸਪਸ਼ਟ ਕੀਤਾ ਕਿ ਜੇਕਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇਹ ਸਬੂਤ ਸੰਗਤ ਸਾਹਮਣੇ ਨਹੀਂ ਲਿਆਂਦੇ ਜਾਂਦੇ ਤਾਂ ਇਹ ਮੰਨਿਆ ਜਾਵੇਗਾ ਕਿ ਸ਼੍ਰੋਮਣੀ ਕਮੇਟੀ ਦੇ ਘਪਲਿਆਂ ’ਤੇ ਪਰਦਾ ਪਾਉਣ ਦੀ ਕੋਸ਼ਿਸ਼ਾਂ ਕੀਤੀ ਜਾ ਰਹੀ ਹੈ। ਐਸੀ ਸਥਿਤੀ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਾਰੇ ਦਸਤਾਵੇਜ਼ ਅਤੇ ਸ਼ਿਕਾਇਤਾਂ ਨੂੰ ਖ਼ੁਦ ਜਨਤਕ ਕਰਨ। ਉਨ੍ਹਾਂ ਕਿਹਾ ਕਿ ਇਹ ਮੰਗ ਇਸ ਲਈ ਵੀ ਅਤਿਅਵਸ਼ਕ ਹੈ ਕਿਉਂਕਿ ਬੰਗਾ ਨੇੜੇ ਰਾਜਾ ਨਾਭ ਕਮਲ ਮੁਜਾਰਾ ਦੇ ਇੱਕ ਗੁਰਦੁਆਰਾ ਸਾਹਿਬ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 169 ਪਾਵਨ ਸਰੂਪਾਂ ਦੇ ਮਿਲਣ ਦੇ ਮਾਮਲੇ ਵਿੱਚ ਵੀ ਹਕੀਕਤ ਕੁੱਝ ਹੋਰ ਨਿਕਲਿਆ, ਜਿਸ ਨੇ ਸੰਗਤ ਦੇ ਮਨ ਵਿੱਚ ਸਰਕਾਰ ਪ੍ਰਤੀ ਗੰਭੀਰ ਸਵਾਲ ਖੜੇ ਕਰ ਦਿੱਤੇ ਹਨ। ਪ੍ਰੋ. ਖਿਆਲਾ ਨੇ ਜ਼ੋਰ ਦੇ ਕੇ ਕਿਹਾ ਕਿ ਕੇਵਲ ਗਿਆਨੀ ਗੜਗੱਜ ਨੂੰ ਸ਼ਿਕਾਇਤਾਂ ਜਾਂ ਸਬੂਤਾਂ ਦਾ ਪੁਲੰਦਾ ਸੌਂਪ ਦੇਣ ਨਾਲ ਮੁੱਖ ਮੰਤਰੀ ਮਾਨ ਸੰਗਤ ਦੀਆਂ ਨਜ਼ਰਾਂ ਵਿੱਚ ਸੁਰਖ਼ਰੂ ਨਹੀਂ ਹੋ ਸਕਦੇ, ਕਿਉਂਕਿ ਗੁਰੂ ਪੰਥ ਦੇ ਅਸਲ ਵਾਰਸ ਸਿੱਖ ਸੰਗਤ ਹੈ ਅਤੇ ਸੰਗਤ ਨੂੰ ਸਭ ਸੱਚ ਜਾਣਨ ਅਤੇ ਅੰਤਿਮ ਫ਼ੈਸਲਾ ਕਰਨ ਦਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਜੇਕਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੋਵੇਂ ਹੀ ਇਹ ਮਾਮਲਾ ਪਾਰਦਰਸ਼ੀ ਢੰਗ ਨਾਲ ਸੰਗਤ ਸਾਹਮਣੇ ਨਹੀਂ ਰੱਖਦੇ ਤਾਂ ਇਤਿਹਾਸ ਵਿੱਚ ਦੋਵੇਂ ਪੰਥ ਦੇ ਦੋਸ਼ੀ ਅਤੇ ਗੁਨਾਹਗਾਰ ਮੰਨੇ ਜਾਣਗੇ, ਜਿਸ ਦੀ ਜ਼ਿੰਮੇਵਾਰੀ ਤੋਂ ਕੋਈ ਵੀ ਨਹੀਂ ਬਚ ਸਕੇਗਾ।

ਦਿੜ੍ਹਬਾ ਵਿਖੇ ਕਰੀਬ 02.25 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਕਮਿਊਨਿਟੀ ਹਾਲ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ: ਹਰਪਾਲ ਸਿੰਘ ਚੀਮਾ

# ਕੈਬਨਿਟ ਮੰਤਰੀ ਨੇ ਨਿਰਮਾਣ ਕਾਰਜਾਂ ਦਾ ਲਿਆ ਜਾਇਜ਼ਾ; ਪ੍ਰੋਜੈਕਟ ਜਲਦ ਹੋਵੇਗਾ ਮੁਕੰਮਲ

**ਦਿੜ੍ਹਬਾ ( ਰਣਜੀਤ ਸਿੰਘ ਪੇਧਨੀ )**-ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਤੇ ਹਲਕੇ ਵਿੱਚ ਵਿਕਾਸ ਕਾਰਜ ਜੰਗੀ ਪੱਧਰ ਉਤੇ ਜਾਰੀ ਹਨ ਤੇ ਲੋਕਾਂ ਦੀਆਂ ਸਾਰੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾਣਾ ਯਕੀਨੀ ਬਣਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਦਿੜ੍ਹਬਾ ਵਿਖੇ ਕਰੀਬ 02.25 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਕਮਿਊਨਿਟੀ ਹਾਲ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ। ਇਸ ਕਮਿਊਨਿਟੀ ਹਾਲ ਦਾ 50 ਫ਼ੀਸਦ ਕੰਮ ਪੂਰਾ ਹੋ ਗਿਆ ਹੈ ਤੇ ਰਹਿੰਦਾ ਕੰਮ ਬਹੁਤ ਜਲਦ ਮੁਕੰਮਲ ਕਰਵਾਇਆ ਜਾਵੇਗਾ। ਇਸ ਦੀ ਸਮਰੱਥਾ ਕਰੀਬ 400 ਵਿਅਕਤੀਆਂ ਦੀ ਹੈ। ਇਹ ਵਿਚਾਰ ਕੈਬਨਿਟ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਇਸ ਪ੍ਰੋਜੈਕਟ ਦੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲੈਣ ਮੌਕੇ ਆਖੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਦਿੜ੍ਹਬਾ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਅਤੇ ਗਰੀਬ ਲੋਕਾਂ ਦੀ ਚਿਰੋਕਣੀ ਮੰਗ ਸੀ ਕਿ ਖੁਸ਼ੀ-ਗਮੀ ਦੇ ਸਮਾਗਮ ਕਰਨ ਲਈ ਕੋਈ ਹਾਲ ਬਣਾਇਆ ਜਾਵੇ, ਜਿਸ ਦੇ ਮੱਦੇਨਜ਼ਰ ਇਹ ਹਾਲ ਦਾ ਬਣਾਇਆ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਹਾਲ ਦਾ ਵੱਡੀ ਗਿਣਤੀ ਲੋਕਾਂ ਨੂੰ ਫਾਇਦਾ ਹੋਵੇਗਾ, ਖਾਸਕਰ ਕੇ ਗ਼ਰੀਬ ਤੇ ਮੱਧਵਰਗੀ ਪਰਿਵਾਰ ਆਪਣੇ ਖੁਸ਼ੀ ਤੇ ਗਮੀ ਸਬੰਧੀ ਸਮਾਗਮ ਬਹੁਤ ਸੌਖਿਆਂ ਇੱਥੇ ਕਰ ਸਕਣਗੇ। ਸ. ਚੀਮਾ ਨੇ ਕਿਹਾ ਕਿ ਗਰੀਬ ਤੇ ਮੱਧ ਵਰਗੀ ਪਰਿਵਾਰ ਜਦੋਂ ਆਪਣੇ ਸਮਾਗਮ ਕਰਜ਼ਾ ਚੁੱਕ ਕੇ ਮਹਿੰਗੇ ਪੈਲੇਸਾਂ ਵਿੱਚ ਕਰਦੇ ਹਨ ਤਾਂ ਕਰਜ਼ੇ ਦੇ ਬੋਝ ਹੇਠ ਦੱਬੇ ਜਾਂਦੇ ਹਨ ਤੇ ਕਈ-ਕਈ ਸਾਲ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਨਹੀਂ ਹੁੰਦੀਆਂ ਪਰ ਇਹ ਕਮਿਊਨਿਟੀ ਹਾਲ ਲੋਕਾਂ ਲਈ ਸਹਾਈ ਸਿੱਧ ਹੋਵੇਗਾ ਤੇ ਉਨ੍ਹਾਂ ਨੂੰ ਕਰਜ਼ੇ ਤੋਂ ਵੀ ਬਚਾਏਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਹਲਕਾ ਦਿੜ੍ਹਬਾ ਦੇ ਪਿੰਡਾਂ ਦੇ ਵਿਕਾਸ ਵੱਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ ਤੇ ਉਹ ਤਨਦੇਹੀ ਨਾਲ ਕੰਮ ਕਰਦੇ ਹੋਏ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਨੂੰ ਆਪਣੀ ਨਿਗਰਾਨੀ ਹੇਠ ਪੂਰਾ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਸੜਕਾਂ, ਖੇਡ ਗਲੀਆਂ, ਟੋਭਿਆਂ ਦੀ ਸਫਾਈ, ਪਿੰਡਾਂ ਦੇ ਸਕੂਲਾਂ ਦੀ ਕਾਇਆ ਕਲਪ, ਮੰਡੀਆਂ ਦੀ ਅਪਗ੍ਰੇਡੇਸ਼ਨ, ਆਦਿ ਕੋਈ ਵੀ ਅਜਿਹਾ ਪੱਖ ਨਹੀਂ ਹੈ, ਜਿਸ ਸਬੰਧੀ ਵਿਕਾਸ ਕਾਰਜ ਨਾ ਹੋਏ ਹੋਣ ਜਾਂ ਵਿਕਾਸ ਕਾਰਜ ਨਾ ਚੱਲ ਰਹੇ ਹੋਣ। ਹਲਕਾ ਦਿੜ੍ਹਬਾ ਸੂਬੇ ਭਰ ਵਿੱਚ ਮਿਸਾਲ ਬਣ ਕੇ ਉੱਭਰ ਰਿਹਾ ਹੈ। ਇਸ ਮੌਕੇ ਓ.ਐਸ.ਡੀ. ਤਪਿੰਦਰ ਸਿੰਘ ਸੋਹੀ, ਨਗਰ ਪੰਚਾਇਤ ਦਿੜ੍ਹਬਾ ਦੇ ਪ੍ਰਧਾਨ ਮਨਿੰਦਰ ਸਿੰਘ, ਐੱਸ.ਡੀ.ਐੱਮ. ਦਿੜ੍ਹਬਾ ਰਾਜੇਸ਼ ਕੁਮਾਰ ਸ਼ਰਮਾ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਤੇ ਵੱਡੀ ਗਿਣਤੀ ਦਿੜ੍ਹਬਾ ਵਾਸੀ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM

### ਪਿੰਡ ਨਥੇਹਾ ਵਿਖੇ

# ਨਸ਼ਿਆਂ ਵਿਰੁੱਧ ਕੱਢੀ ਗਈ ਜਾਗਰੂਕਤਾ ਰੈਲੀ





**ਤਲਵੰਡੀ ਸਾਬੋ, 16 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਪਿੰਡ ਨਥੇਹਾ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਦੇ ਖ਼ਿਲਾਫ਼ ਇਕ ਵਿਸ਼ਾਲ ਜਾਗਰੂਕਤਾ ਰੈਲੀ ਕੱਢੀ ਗਈ। ਇਸ ਰੈਲੀ ਵਿੱਚ ਸਮੁੱਚੀ ਪਿੰਡ ਪੰਚਾਇਤ, ਨੌਜਵਾਨਾਂ, ਬਜ਼ੁਰਗਾਂ, ਮਹਿਲਾਵਾਂ ਅਤੇ ਵੱਡੀ ਗਿਣਤੀ ਪਿੰਡ ਵਾਸੀਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਰੈਲੀ ਦੌਰਾਨ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਗਿਆ। ਰੈਲੀ ਦੌਰਾਨ ਭਾਗ ਲੈਣ ਵਾਲਿਆਂ ਨੇ ਨਸ਼ਿਆਂ ਵਿਰੁੱਧ ਨਾਅਰੇ ਲਗਾਉਂਦੇ ਹੋਏ ਸਮਾਜ ਨੂੰ ਨਸ਼ਾ-ਮੁਕਤ ਬਣਾਉਣ ਦਾ ਅਹਿਦ ਲਿਆ। ਇਸ ਮੌਕੇ ਸੰਬੋਧਨ ਕਰਦਿਆਂ ਆਪ ਸਰਕਲ ਪ੍ਰਧਾਨ ਬਿੱਕਰ ਸਿੰਘ ਅਤੇ ਸਮਾਜਸੇਵੀ ਅਤੇ ਸਰਪੰਚ ਸ੍ਰੀਮਤੀ ਰਾਜ ਰਾਣੀ ਦੇ ਪਤੀ ਸੁਖਪਾਲ ਸਿੰਘ ਚਾਹਲ ਨੇ ਕਿਹਾ ਕਿ ਨਸ਼ਾ ਸਿਰਫ਼ ਇਕ ਵਿਅਕਤੀ ਨੂੰ ਨਹੀਂ, ਸਗੋਂ ਪੂਰੇ ਪਰਿਵਾਰ ਅਤੇ ਸਮਾਜ ਨੂੰ ਤਬਾਹ ਕਰਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚ ਫਸਣ ਤੋਂ ਬਚਾਉਣ ਲਈ ਸਾਰਿਆਂ ਨੂੰ ਮਿਲ ਕੇ ਸਖ਼ਤ ਕਦਮ ਚੁੱਕਣੇ ਪੈਣਗੇ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਉੱਤੇ ਧਿਆਨ ਦੇਣ ਅਤੇ ਉਨ੍ਹਾਂ ਨੂੰ ਖੇਡਾਂ, ਸਿੱਖਿਆ ਅਤੇ ਸਿਹਤਮੰਦ ਗਤੀਵਿਧੀਆਂ ਵੱਲ ਪ੍ਰੇਰਿਤ ਕਰਨ। ਸੁਖਪਾਲ ਸਿੰਘ ਚਾਹਲ ਨੇ ਹੋਰ ਕਿਹਾ ਕਿ ਪੰਚਾਇਤ ਅਤੇ ਪਿੰਡ ਵਾਸੀਆਂ ਦੀ ਸਾਂਝੀ ਕੋਸ਼ਿਸ਼ ਨਾਲ ਹੀ ਨਸ਼ਿਆਂ ਖ਼ਿਲਾਫ਼ ਇਸ ਲੜਾਈ ਨੂੰ ਜਿੱਤਿਆ ਜਾ ਸਕਦਾ ਹੈ। ਰੈਲੀ ਦੇ ਆਖਰ ਵਿੱਚ ਪਿੰਡ ਵਾਸੀਆਂ ਨੇ ਨਸ਼ਿਆਂ ਤੋਂ ਦੂਰ ਰਹਿਣ ਅਤੇ ਹੋਰਾਂ ਨੂੰ ਵੀ ਜਾਗਰੂਕ ਕਰਨ ਦਾ ਸੰਕਲਪ ਲਿਆ। ਹੋਰਨਾਂ ਤੋਂ ਇਲਾਵਾ ਬਿੱਟੂ ਸਿੰਘ, ਸਤਨਾਮ ਸਿੰਘ ਸੱਤਾ, ਸੰਦੀਪ ਸਿੰਘ, ਕਿਰਪਾਲ ਸਿੰਘ, ਜਗਦੇਵ ਸਿੰਘ, ਨਜ਼ਰ ਸਿੰਘ, ਭੋਲਾ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ

# ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਗੁਰੂ ਸਾਹਿਬਾਨ ਬਾਰੇ ਕੀਤੀ ਟਿੱਪਣੀ ਸਬੰਧੀ ਨਿੰਦਾ ਮਤਾ ਪਾਸ



ਨਵੀਂ ਦਿੱਲੀ, 16 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਅੱਜ ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਬੀਤੇ ਦਿਨੀਂ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੀ ਆਗੂ ਆਤਿਸ਼ੀ ਵੱਲੋਂ ਸਿੱਖ ਗੁਰੂ ਸਾਹਿਬਾਨ ਬਾਰੇ ਕੀਤੀ ਅਪਮਾਨਜਨਕ ਟਿੱਪਣੀ ਬਾਰੇ ਨਿੰਦਾ ਮਤਾ ਪਾਸ ਕਰਦਿਆਂ ਉਸ ਖਿਲਾਫ਼ ਸਖ਼ਤ ਕਾਰਵਾਈ ਦਾ ਫੈਸਲਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਿੱਲੀ ਦੀ ਵਿਧਾਨ ਸਭਾ ਅੰਦਰ ਚੱਲਦੇ ਸੈਸ਼ਨ ਵਿਚ ਲੋਕਾਂ ਦੁਆਰਾ ਚੁਣੇ ਹੋਏ ਨੁਮਾਇੰਦੇ ਵੱਲੋਂ ਗੁਰੂ ਸਾਹਿਬਾਨ ਬਾਰੇ ਅਪਮਾਨਜਨਕ ਸ਼ਬਦਾਵਲੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਆਮ ਆਦਮੀ ਪਾਰਟੀ ਦੀ ਆਗੂ ਵੱਲੋਂ ਆਪਣੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕਰਨ ਕਰਕੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਲਈ ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ ਦੇ 6 ਵਿਦਿਆਰਥੀਆਂ ਵੱਲੋਂ ਪੀਸੀਐਸ ਦੀ ਮੁੱਢਲੀ ਪ੍ਰੀਖਿਆ ਪਾਸ ਕਰਨ ਅਤੇ ਨਿਸ਼ਚੈ ਅਕੈਡਮੀ ਆਫ ਜੂਡੀਸ਼ੀਅਲ ਸਰਵਿਸਿਜ਼ ਬਹਾਦਰਗੜ੍ਹ ਪਟਿਆਲਾ ਦੀ ਇੱਕ ਵਿਦਿਆਰਥਣ ਵੱਲੋਂ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਲਾਅ ਅਫ਼ਸਰ ਦੀ ਪ੍ਰੀਖਿਆ ਪਾਸ ਕਰਨ ਦੀ ਵੀ ਪ੍ਰਸ਼ੰਸਾ ਕੀਤੀ ਗਈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਯਤਨ ਰਿਹਾ ਹੈ ਕਿ ਸਿੱਖ ਵਿਦਿਆਰਥੀ ਮੁਕਾਬਲਾ ਪ੍ਰੀਖਿਆਵਾਂ ਨੂੰ ਪਾਸ ਕਰਕੇ ਉੱਚ ਅਹੁਦਿਆਂ 'ਤੇ ਪਹੁੰਚਣ, ਤਾਂ ਜੋ ਉਹ ਗੁਰੂ ਬਖ਼ਸ਼ਿਸ਼ ਸਿਧਾਂਤਾਂ ਅਨੁਸਾਰ ਸਮਾਜ ਦੀ ਭਲਾਈ ਲਈ ਕਾਰਜ ਕਰ ਸਕਣ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਐਡਵੋਕੇਟ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਾਵਨ ਸਰੋਵਰ ਵਿਚ ਇਕ ਨੌਜੁਆਨ ਵੱਲੋਂ ਮਰਯਾਦਾ ਦੇ ਉਲਟ ਜਾ ਕੇ ਕੀਤੀ ਹਰਕਤ ਦੀ ਵੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਇਕ ਪਾਵਨ ਮਰਯਾਦਾ ਹੈ ਅਤੇ ਇਸ ਮਰਯਾਦਾ ਦੇ ਵਿਰੁੱਧ ਕਿਸੇ ਵੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਾਉਣ ਵਾਲੀਆਂ ਹਨ। ਉਨ੍ਹਾਂ ਹਰ ਧਰਮ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਦੀਦਾਰ ਕਰਨ ਸਮੇਂ ਇਥੋਂ ਦੀ ਪਾਵਨ ਮਰਯਾਦਾ ਦਾ ਧਿਆਨ ਰੱਖਿਆ ਜਾਵੇ। ਅੰਤ੍ਰਿੰਗ ਕਮੇਟੀ ਵੱਲੋਂ ਅੱਜ ਦੀ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਅਤੇ ਗੁਰਦੁਆਰਾ ਸਾਹਿਬਾਨ, ਟਰੱਸਟ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਰੁਟੀਨ ਅਨੁਸਾਰ ਮਾਮਲਿਆਂ ਨੂੰ ਵਿਚਾਰਿਆ ਗਿਆ। ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ, ਸ. ਸੁਰਜੀਤ ਸਿੰਘ ਕੰਗ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਸ. ਬਲਦੇਵ ਸਿੰਘ ਕਾਇਮਪੁਰ, ਸ. ਮੇਜਰ ਸਿੰਘ ਢਿੱਲੋਂ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਤੇਜਿੰਦਰ ਸਿੰਘ ਪੱਡਾ, ਸ. ਪ੍ਰੀਤਪਾਲ ਸਿੰਘ, ਮੀਤ ਸਕੱਤਰ ਸ. ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਜਸਵਿੰਦਰ ਸਿੰਘ ਜੱਸੀ, ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਐਕਸੀਅਨ ਸ. ਤੇਜਿੰਦਰਪਾਲ ਸਿੰਘ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ, ਇੰਚਾਰਜ ਸ. ਮੇਜਰ ਸਿੰਘ, ਸ. ਅਜ਼ਾਦਦੀਪ ਸਿੰਘ, ਸ. ਗੁਰਮੇਜ ਸਿੰਘ, ਸ. ਤਰਸੇਮ ਸਿੰਘ ਆਦਿ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# 10 ਲੱਖ ਰੁਪਏ ਦੀ ਬੀਮਾ ਯੋਜਨਾ ਨਾਲ ਮੁੱਖ ਮੰਤਰੀ ਨੇ 3 ਕਰੌੜ ਪੰਜਾਬੀਆਂ ਦਾ ਦਿਲ ਜਿੱਤਿਆ: ਰਣਜੋਧ ਸਿੰਘ ਕਾਂਝਲਾ



**ਸੰਗਾਲਾ/ਧੂਰੀ ( ਰਣਜੀਤ ਸਿੰਘ ਪੇਧਨੀ )** -ਪੰਜਾਬ ਸਰਕਾਰ ਵੱਲੋਂ ਜਿੱਥੇ ਆਏ ਦਿਨ ਲੋਕ ਭਲਾਈ ਯੋਜਨਾਵਾਂ ਤੇ ਪੰਜਾਬ ਹਿੱਤ ਫੈਸਲੇ ਲਏ ਜਾ ਰਹੇ ਹਨ। ਉੱਥੇ ਹੀ ਹੁਣ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲ ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਕਰਕੇ 3 ਕਰੋੜ ਪੰਜਾਬੀਆਂ ਨੂੰ ਨਵੇਂ ਸਾਲ ਦਾ ਤੋਹਫ਼ਾ ਹੀ ਦੇ ਦਿੱਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਰਣਜੋਧ ਸਿੰਘ ਕਾਂਝਲਾ ਮੈਂਬਰ ਬਲਾਕ ਸੰਮਤੀ ਨੇ ਕੀਤਾ। ਉਹਨਾਂ ਕਿਹਾ ਕਿਹਾ ਮੁੱਖ ਮੰਤਰੀ ਮਾਨ ਦੀ ਇਸ ਯੋਜਨਾ ਨਾਲ ਪੰਜਾਬ ਦੇ ਹਰੇਕ ਪਰਿਵਾਰ ਲਈ 10 ਲੱਖ ਰੁਪਏ ਦਾ ਨਕਦ ਰਹਿਤ ਇਲਾਜ ਯਕੀਨੀ ਬਣਾਇਆ ਜਾਵੇਗਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਮਾਨ ਵੱਲੋਂ ਸਿਹਤ ਯੋਜਨਾ ਸਬੰਧੀ ਲਿਆ ਗਿਆ ਇਹ ਫੈਸਲਾਂ ਸੂਬੇ ਦੇ ਲੋਕਾਂ ਨੂੰ ਇਕ ਵੀ ਪੈਸਾ ਖਰਚੇ ਬਿਨਾਂ ਵਿਆਪਕ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੀ ਦਿਸ਼ਾ ਵੱਲ ਅਹਿਮ ਕਦਮ ਹੈ ਅਤੇ ਲੋਕਾਂ ਨੂੰ 10 ਲੱਖ ਰੁਪਏ ਦਾ ਨਕਦ ਰਹਿਤ ਇਲਾਜ ਯਕੀਨੀ ਬਣਾਉਣ ਪ੍ਰਤੀ ਸਰਕਾਰ ਵੱਲੋਂ ਸ਼ੁਰੂ ਕੀਤੀ ਅਹਿਮ ਪਹਿਲਕਦਮੀ ਹੈ। ਉਹਨਾਂ ਕਿਹਾ ਪੰਜਾਬ ਸਰਕਾਰ ਪ੍ਰਸ਼ੰਸਾ ਦੀ ਲਤਾਰ ਹੈ ਕਿ ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਹੈ ਜਿੱਥੇ ਸੂਬੇ ਦੇ ਹਰੇਕ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਇਲਾਜ ਯਕੀਨੀ ਬਣਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਕੱਲ ਨੂੰ ਮਜੀਠਾ 'ਚ ਹੋਣ ਵਾਲੀ ਰੈਲੀ ਇਤਿਹਾਸਕ ਹੋਵੇਗੀ : ਪ੍ਰਧਾਨ ਗੁਰਮੁੱਖ ਸਿੰਘ ਔਜਲਾ, ਬਲਜੀਤ ਸਿੰਘ ਸਰਾਂ




ਚੌਕ ਮਹਿਤਾ,,16 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)- ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਭਲਕੇ 18 ਜਨਵਰੀ ਨੂੰ ਹੋ ਰਹੀ ਰੈਲੀ ਇਤਿਹਾਸਕ ਹੋਵੇਗੀ ਜਿਸ ਸਬੰਧੀ ਹਲਕਾ ਮਜੀਠਾ ਦੇ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ। ਇਹ ਪ੍ਰਗਟਾਵਾ ਪ੍ਰਧਾਨ ਗੁਰਮੁੱਖ ਸਿੰਘ ਔਜਲਾ ਅਤੇ ਐਸ਼ੀ ਸੈਲ ਦੇ ਜਨਰਲ ਸਕੱਤਰ ਬਲਜੀਤ ਸਿੰਘ ਸਰਾਂ ਨੇ ਇਲਾਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਆਗੂਆਂ ਨੇ ਕਿਹਾ ਕਿ ਮਜੀਠਾ ਹਲਕੇ 'ਚ ਹੋ ਰਹੀ ਇਸ ਰੈਲੀ ਵਿੱਚ ਠਾਠਾਂ ਮਾਰਦਾ ਇਕੱਠ ਇਹ ਦੱਸ ਦੇਵੇਗਾ ਕਿ ਲੋਕ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਟਾਨ ਵਾਂਗ ਖੜੇ ਹਨ ਅਤੇ ਇਸ ਰੈਲੀ ਨੂੰ ਸਫਲ ਬਣਾਉਣ ਲਈ ਤਲਬੀਰ ਸਿੰਘ ਗਿੱਲ ਵਲੋਂ ਹਲਕੇ ਨੂੰ ਜ਼ੋਨਾਂ 'ਚ ਵੰਡ ਕੇ ਪਿੰਡ ਪੱਧਰ 'ਤੇ ਆਪ ਦੇ ਆਗੂਆਂ ਤੇ ਵਰਕਰਾਂਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਉਕਤ ਆਗੂਆਂ ਨੇ ਕਿਹਾ ਕਿ ਇਹ ਰੈਲੀ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਵਿਚ ਆਪ ਉਮੀਦਵਾਰਾਂ ਦੀ ਵੱਡੀ ਜਿੱਤ ਦਾ ਧੰਨਵਾਦ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਪਾਰਟੀ ਦੇ ਹੋਰ ਸੀਨੀਅਰ ਆਗੂ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗਲੀ ਗਲੀ 'ਤੇ ਠੇਕੇ ਖੋਲ ਕੇ ਆਪ ਕਰ ਰਹੀ ਹੈ ਨਸ਼ਆਂ ਵਿਰੁੱਧ ਰੈਲੀਆ ਦਿਓਲ



**ਸੰਗਾਲਾ/ਧੂਰੀ ( ਰਣਜੀਤ ਸਿੰਘ ਪੇਧਨੀ )**-ਆਪ ਸਰਕਾਰ ਨਸ਼ਿਆਂ ਵਿਰੁੱਧ ਜੰਗ ਦਾ ਐਲਾਨ ਕਰਨ ਲਈ ਹਰ ਪਿੰਡ ਪਿੰਡ ਹਰ ਵਾਰਡ ਵਿੱਚ ਰੈਲੀਆਂ ਕਰ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਆਪ ਸਰਕਾਰ ਨੇ ਹਰ ਗਲੀ ਵਿੱਚ ਸ਼ਰਾਬ ਦੇ ਠੇਕੇ ਖੋਲ੍ਹੇ ਹਨ, ਪਰ ਦੂਜੇ ਪਾਸੇ, ਇਸਦੇ ਨੁਮਾਇੰਦੇ ਨਸ਼ਿਆਂ ਵਿਰੁੱਧ ਰੈਲੀਆਂ ਕਰ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਹਲਕਾ ਇੰਚਾਰਜ ਰਣਦੀਪ ਸਿੰਘ ਦਿਓਲ ਨੇ ਕੀਤਾ। ਉਨ੍ਹਾਂ ਕਿਹਾ ਕਿ ਗਲੀ ਗਲੀ ਖੁੱਲ੍ਹੇ ਠੇਕੇ ਵੀ ਨਸ਼ਿਆਂ ਨੂੰ ਬੜ੍ਹਾਵਾ ਦੇ ਰਹੇ ਹਨ। ਜੇਕਰ ਸਰਕਾਰ ਸੱਚਮੁੱਚ ਨਸ਼ਿਆਂ ਦੀ ਦੁਰਵਰਤੋਂ ਨੂੰ ਖਤਮ ਕਰਨ ਲਈ ਗੰਭੀਰ ਹੈ, ਤਾਂ ਇਸ ਤੋਂ ਪਹਿਲਾਂ ਹਰ ਗਲੀ ਅਤੇ ਸਕੂਲਾਂ ਦੇ ਨੇੜੇ ਸ਼ਰਾਬ ਦੇ ਠੇਕਿਆਂ ਨੂੰ ਬੰਦ ਕਰਨੇ ਚਾਹੀਦੀਆਂ ਹਨ ਦੂਜੇ ਪਾਸੇ, ਜਦੋਂ ਸਰਕਾਰ ਉਨ੍ਹਾਂ ਦੀ ਹੈ, ਪੁਲਿਸ ਪ੍ਰਣਾਲੀ ਉਨ੍ਹਾਂ ਦੀ ਹੈ, ਤਾਂ ਨਸ਼ਾ ਵਿਰੋਧੀ ਰੈਲੀਆ ਕਿਉਂ ? ਉਨ੍ਹਾਂ ਕਿਹਾ ਕਿ ਆਪ' ਸਰਕਾਰ ਇਹ ਸਾਰੀ ਹਫੜਾ-ਦਫੜੀ ਸਿਰਫ ਜਨਤਾ ਨੂੰ ਗੁੰਮਰਾਹ ਕਰਨ ਲਈ ਪੈਦਾ ਕਰ ਰਹੀ ਹੈ। ਕਿਉਂਕਿ 'ਆਪ' ਸਰਕਾਰ ਸੂਬੇ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਬਚਾਉਣ ਵਿੱਚ ਅਸਫਲ ਹੈ, ਇਸ ਲਈ ਉਹ ਆਪਣੀ ਅਸਫਲਤਾ ਨੂੰ ਛੁਪਾਉਣ ਲਈ ਨਸ਼ਿਆਂ ਵਿਰੁੱਧ ਜੰਗ ਦਾ ਢੋਂਗ ਰਚ ਰਹੀ ਹੈ। ਉਨਾ ਕਿਹਾ ਕਿ ਪੰਜਾਬ ਦੇ ਲੋਕ ਆਪ' ਸਰਕਾਰ ਦੀਆਂ ਕਾਰਵਾਈਆਂ ਤੋਂ ਜਾਣੂ ਹੋ ਗਏ ਹਨ ਅਤੇ ਹੁਣ ਉਹ ਇਹਨਾਂ ਨੂੰ ਸੱਤਾ ਵਿੱਚ ਵਾਪਸ ਨਹੀਂ ਲਿਆਉਣਾ ਚਾਹੁੰਦੇ।

ਆਵਾਜ਼ਿ ਕੌਮ AWAZE QAUM International Newspaper & WEB TV

# ਨਮੋਲ ਨੂੰ ਸਦਮਾਂ ਮਾਤਾ ਦਾ ਦੇਹਾਤ ਪੰਮਾ ਬਾਠ ਅਤੇ ਆਗੂਆਂ ਨੇ ਕੀਤਾ ਦੁੱਖ ਦਾ ਪ੍ਰਗਟਾਵਾ



**ਸੰਗਾਲਾ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਸੀਨੀਅਰ ਆਗੂ ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਸਤਿਗੁਰ ਸਿੰਘ ਨਮੋਲ ਦੀ ਸਤਿਕਾਰਯੋਗ ਮਾਤਾ ਜੀ ਮਾਤਾ ਨਛੱਤਰ ਕੌਰ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਪਰਿਵਾਰ ਦੇ ਨਾਲ ਧੂਰੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਸੀਨੀਅਰ ਆਗੂ ਪਰਮਜੀਤ ਸਿੰਘ ਪੰਮਾ ਬਾਠ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਿਹਾ ਹੈ ਕਿ ਮਾਵਾਂ ਠੰਡੀਆਂ ਛਾਵਾਂ, ਛਾਵਾਂ ਕੌਣ ਕਰੈ। ਉਹਨਾਂ ਕਿਹਾ ਕਿ ਮਾਤਾ ਨਛੱਤਰ ਕੌਰ ਦੇ ਜਾਣ ਦੇ ਨਾਲ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਇਸ ਦੁੱਖ ਦੀ ਘੜੀ ਵਿੱਚ ਉਹਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾ ਹੈ। ਇਸ ਮੌਕੇ ਉਹਨਾਂ ਦੇ ਨਾਲ ਸਾਬਕਾ ਚੇਅਰਮੈਨ ਸੁਖਪਾਲ ਸ਼ਰਮਾ, ਤਲਬੀਰ ਸਿੰਘ ਧਨੇਸਰ, ਸਾਬਕਾ ਸਰਪੰਚ ਕੁਲਦੀਪ ਸਿੰਘ ਬਟੂਹਾ, ਸਾਬਕਾ ਸਰਪੰਚ ਸੁਰਜੀਤ ਸਿੰਘ ਮੂਲੋਵਾਲ, ਸਾਬਕਾ ਸਰਪੰਚ ਜਸਵੰਤ ਸਿੰਘ ਭੱਠਲ, ਜਸਨ ਮੂਲੋਵਾਲ, ਗੁਰਵਿੰਦਰ ਸਿੰਘ ਗੋਗੀ ਪੁੰਨਾਵਾਲ, ਜ਼ਿਲਾ ਪ੍ਰੀਸ਼ਦ ਦੇ ਸਾਬਕਾ ਵਾਈਸ ਚੇਅਰਮੈਨ ਜਸਬੀਰ ਸਿੰਘ ਭਲਵਾਨ, ਗੁਰਮੀਤ ਸਿੰਘ ਬਰੜਵਾਲ, ਜਸਵੀਰ ਸਿੰਘ ਬਰੜਵਾਲ, ਗੁਰਜੀਤ ਸਿੰਘ ਚਾਗਲੀ ਹਾਜਰ ਸਨ।

**ਧੂਰੀ ਹਲਕੇ 'ਚ ਵੱਡੀ ਪੱਧਰ 'ਤੇ ਚੱਲ ਰਹੇ ਵਿਕਾਸ ਕੰਮਾਂ ਨਾਲ ਮਿਸਤਰੀਆਂ ਤੇ ਲੇਬਰ ਦੀ ਮੰਗ 'ਚ ਹੋਇਆ ਵਾਧਾ**

# ਬਿਨ੍ਹਾਂ ਪੱਖਪਾਤ ਮਾਨ ਸਰਕਾਰ ਕਰ ਰਹੀ ਹੈ ਪਿੰਡਾਂ ਦਾ ਵਿਕਾਸ : ਸਰਪੰਚ ਅਮਨਦੀਪ ਕੌਰ





**ਸੰਗਾਲਾ/ਧੂਰੀ ( ਰਣਜੀਤ ਸਿੰਘ ਪੇਧਨੀ )-** ਧੂਰੀ ਹਲਕੇ ਅੰਦਰ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਵੱਡੀ ਪੱਧਰ ਤੇ ਵਿਕਾਸ ਕਾਰਜਾਂ ਸਦਕਾ ਇਹ ਖੇਤਰ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ। ਸੜਕਾਂ, ਗਲੀਆਂ, ਨਾਲੀਆਂ, ਸਟਰੀਟ ਲਾਈਟਾਂ, ਡਰੇਨਜ ਪ੍ਰਣਾਲੀ, ਸਰਕਾਰੀ ਇਮਾਰਤਾਂ, ਕਮਿਊਨਿਟੀ ਹਾਲ ਅਤੇ ਹੋਰ ਬੁਨਿਆਦੀ ਢਾਂਚਾਗਤ ਪ੍ਰੋਜੈਕਟਾਂ 'ਤੇ ਲਗਾਤਾਰ ਕੰਮ ਚੱਲ ਰਹੇ ਹਨ, ਜਿਸ ਸਦਕਾ ਹਲਕੇ ਵਿੱਚ ਮਿਸਤਰੀਆਂ ਅਤੇ ਲੇਬਰ ਦੀ ਮੰਗ ਕਾਫ਼ੀ ਵੱਧ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀ.ਡੀ.ਪੀ.ਓ ਧੂਰੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ, ਤਾਂ ਜੋ ਆਮ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦਾ ਲਾਭ ਬਿਨਾਂ ਕਿਸੇ ਦੇਰੀ ਦੇ ਮਿਲ ਸਕੇ। ਉਨ੍ਹਾਂ ਕਿਹਾ ਕਿ ਧੂਰੀ ਹਲਕੇ ਵਿੱਚ ਪਿਛਲੇ ਕਈ ਸਾਲਾਂ ਨਾਲੋਂ ਕਿਤੇ ਵੱਧ ਪੱਧਰ 'ਤੇ ਵਿਕਾਸ ਕੰਮ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਵੱਡੀ ਗਿਣਤੀ ਵਿੱਚ ਨਿਰਮਾਣ ਕਾਰਜ ਇਕੱਠੇ ਚੱਲਣ ਕਾਰਨ ਸਥਾਨਕ ਹੀ ਨਹੀਂ, ਸਗੋਂ ਨੇੜਲੇ ਇਲਾਕਿਆਂ ਤੋਂ ਵੀ ਮਿਸਤਰੀਆਂ ਅਤੇ ਮਜ਼ਦੂਰਾਂ ਦੀ ਮੰਗ ਵਧੀ ਹੈ। ਇਸ ਨਾਲ ਨਿਰਮਾਣ ਖੇਤਰ ਨਾਲ ਜੁੜੇ ਲੋਕਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਏ ਹਨ ਅਤੇ ਹਲਕੇ ਦੀ ਆਰਥਿਕ ਗਤੀਵਿਧੀਆਂ ਨੂੰ ਵੱਡੀ ਮਜ਼ਬੂਤੀ ਮਿਲੀ ਹੈ। ਉਹਨਾਂ ਦੱਸਿਆ ਕਿ ਕਈ ਪਿੰਡਾਂ ਵਿੱਚ ਲੇਬਰ ਰਾਜਸਥਾਨ, ਮੱਧ ਪ੍ਰਦੇਸ਼ ਤੇ ਹਰਿਆਣਾ ਤੋਂ ਵੀ ਲਿਆਂਦੀ ਗਈ ਹੈ ਤਾਂ ਜੋ ਵਿਕਾਸ ਕਾਰਜਾਂ ਦੀ ਰਫ਼ਤਾਰ ਤੇਜ਼ ਰਹੇ। ਧੂਰੀ ਹਲਕੇ ਦੇ ਪਿੰਡ ਬਨਭੌਰੀ ਦੇ ਸਰਪੰਚ ਅਮਨਦੀਪ ਕੌਰ ਨੇ ਦੱਸਿਆ ਕਿ ਉਹ ਆਜ਼ਾਦ ਤੌਰ ਉੱਤੇ ਜਿੱਤਕੇ ਪਿੰਡ ਦੇ ਸਰਪੰਚ ਬਣੇ ਹਨ, ਪਰ ਪੰਜਾਬ ਸਰਕਾਰ ਨੇ ਬਿਨ੍ਹਾਂ ਕਿਸੇ ਪੱਖਪਾਤ ਦੇ ਪਿੰਡ ਨੂੰ ਲਗਾਤਾਰ ਗ੍ਰਾਂਟਾਂ ਜਾਰੀ ਕੀਤੀਆਂ ਹਨ, ਜਿਸ ਸਦਕਾ 7.50 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਏ ਗਏ ਹਨ ਅਤੇ ਪਿੰਡ ਵਿੱਚ 10 ਲੱਖ ਦੀ ਲਾਗਤ ਨਾਲ 60-60 ਫੁੱਟ ਉੱਤੇ ਐਲ.ਈ.ਡੀ. ਸੋਲਰ ਲਾਈਟਾਂ ਲਗਾਈਆਂ ਗਈਆਂ ਹਨ। ਇਸ ਤੋਂ ਇਲਾਵਾ 10 ਲੱਖ ਰੁਪਏ ਦੀ ਲਾਗਤ ਨਾਲ ਆਂਗਣਵਾੜੀ ਦੀ ਬਿਲਡਿੰਗ ਬਣਾਈ ਗਈ ਹੈ। ਪਿਛਲੇ ਦਿਨੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸਰਪੰਚਾਂ ਨਾਲ ਮਿਲਣੀ ਦੌਰਾਨ ਪਿੰਡ ਵਿੱਚ ਸਟੇਡੀਅਮ ਬਣਾਉਣ ਲਈ ਕਿਹਾ ਗਿਆ ਸੀ ਜਿਸ ਲਈ 50 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡਾਂ ਦੇ ਵਿਕਾਸ ਕਾਰਜ ਕਰਵਾਏ ਹਨ। ਇਸ ਤੋਂ ਇਲਾਵਾ ਹੋਰ ਵੱਖ ਵੱਖ ਪਿੰਡਾਂ ਦੇ ਸਰਪੰਚਾਂ ਨੇ ਕਿਹਾ ਕਿ ਇਹ ਸਮਾਂ ਮਜ਼ਦੂਰ ਵਰਗ, ਮਿਸਤਰੀਆਂ ਤੇ ਤਕਨੀਕੀ ਕਾਰੀਗਰਾਂ ਲਈ ਸੁਨਹਿਰਾ ਮੌਕਾ ਹੈ ਕਿ ਉਹ ਧੂਰੀ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨਾਲ ਜੁੜ ਕੇ ਸਥਾਈ ਅਤੇ ਆਦਰਯੋਗ ਰੁਜ਼ਗਾਰ ਹਾਸਲ ਕਰਨ। ਉਨ੍ਹਾਂ ਨੇ ਯਕੀਨ ਦਿਵਾਇਆ ਕਿ ਪੰਚਾਇਤਾਂ ਵੱਲੋਂ ਸਾਰੇ ਵਿਕਾਸ ਕੰਮ ਨਿਰਧਾਰਤ ਸਮੇਂ ਅੰਦਰ, ਪੂਰੀ ਪਾਰਦਰਸ਼ਿਤਾ ਅਤੇ ਉੱਚ ਗੁਣਵੱਤਾ ਨਾਲ ਪੂਰੇ ਕਰਵਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੀ ਇਹ ਰਫ਼ਤਾਰ ਆਉਣ ਵਾਲੇ ਸਮੇਂ ਵਿੱਚ ਵੀ ਜਾਰੀ ਰਹੇਗੀ, ਜਿਸ ਨਾਲ ਧੂਰੀ ਹਲਕਾ ਵਿਕਾਸ, ਰੁਜ਼ਗਾਰ ਅਤੇ ਬੁਨਿਆਦੀ ਢਾਂਚੇ ਦੇ ਮਾਮਲੇ ਵਿੱਚ ਇਕ ਨਵੀਂ ਮਿਸਾਲ ਕਾਇਮ ਕਰੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

**ਪਿੰਡ ਮੱਲ੍ਹੀਆ ਵਿਖੇ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਤੋਂ ਚਾਲੀ ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਿਤ**

# ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ

**ਜੰਡਿਆਲਾ ਗੁਰੂ, 16 ਜਨਵਰੀ (ਕੁਲਵੰਤ ਸਿੰਘ ਵਿਰਦੀ )**-ਬੀਤੇ ਦਿਨ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਘੀ ਦੇ ਪਾਵਨ ਪਵਿੱਤਰ ਦਿਹਾੜੇ ਤੇ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਵਿਖੇ ਟੁੱਟੀ ਗੰਢੀ ਦਿਹਾੜੇ ਤੇ 40 ਮੁਕਤਿਆਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।ਮੌਕੇ ਤੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਕੁਲਬੀਰ ਸਿੰਘ ਨੇ ਦੱਸਿਆ ਕਿ 13 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਅਤੇ 14 ਜਨਵਰੀ ਨੂੰ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਰੰਗਰੇਟਾ ਗੁਰੂ ਕਾ ਬੇਟਾ ਤੋਂ ਵਿਸ਼ਾਲ ਨਗਰ ਕੀਰਤਨ ਸਜਾਏ ਗਏ ਜੋ ਕਿ ਪਿੰਡ ਦੇ ਵੱਖ ਵੱਖ ਗੁਰਦੁਆਰੇ ਸਾਹਿਬਾਨਾਂ ਦੇ ਦਰਸ਼ਨ ਕਰਦੇ ਹੋਏ। ਗੁਰਦੁਆਰਾ ਜੈਲਦਾਰਾਂ ਦੀ ਪੱਤੀ, ਵੱਡਾ ਗੁਰਦੁਆਰਾ ਸਾਹਿਬਾਨ, ਗੁਰਦੁਆਰਾ ਗੁਰਦੁਆਰਾ ਬਾਬਾ ਬੀਰ ਸਿੰਘ ਜੀ, ਅਤੇ ਗੁਰਦੁਆਰਾ ਸ੍ਰੀ ਹਰਗੋਬਿੰਦ ਪਾਤਸ਼ਾਹ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਫਲਾਹ ਸਾਹਿਬ ਜੀ ਗੁਰਦੁਆਰਾ ਸ੍ਰੀ ਧਰਮਸਾਲਾ ਸਾਹਿਬ ਜੀ, ਦੇ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਦੇ ਹੋਏ ਵਾਪਸ ਦੇਰ ਸ਼ਾਮ ਆਪਣੇ ਨਿੱਜੀ ਸਥਾਨਾਂ ਤੇ ਸੰਪੰਨ ਹੋਇਆ। ਇਸ ਮੌਕੇ ਤੇ ਨਗਰ ਕੀਰਤਨ ਦੀਆਂ ਹਾਜਰੀਆਂ ਭਰਦੀਆਂ ਹੋਈਆਂ ਰੱਬ ਰੂਪੀ ਸੰਗਤਾਂ ਨੇ ਗੁਰਬਾਣੀ ਦਾ ਗੁਣ ਗਾਣ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ । ਪਿੰਡ ਵਾਸੀਆਂ ਵੱਲੋਂ ਸੰਗਤਾਂ ਨੂੰ ਆਪਣੇ ਘਰਾਂ ਦੇ ਵਿੱਚ ਬੁਲਾ ਕੇ, ਮਠਿਆਈ ਅਤੇ ਵੱਖ-ਵੱਖ ਤਰ੍ਹਾਂ ਦੇ ਪਦਾਰਥਾਂ ਨਾਲ ਸੇਵਾ ਕੀਤੀ। ਅਤੇ ਦੇਰ ਸ਼ਾਮ ਨਗਰ ਕੀਰਤਨ ਦੀ ਸੰਪੂਰਨਤਾ ਦੀ ਅਰਦਾਸ ਕਰਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਨਿੱਜੀ ਸਥਾਨਾਂ ਤੇ ਬਿਰਾਜਮਾਨ ਕਰਕੇ ਸੰਪੂਰਨਤਾ ਕੀਤੀ ਗਈ ਇਸ ਮੌਕੇ ਤੇ ਗੁਰਦੁਆਰਾ ਸਾਹਿਬ ਜੀ ਦੇ ਹੈਂਡ ਗ੍ਰੰਥੀ ਬਾਬਾ ਕੁਲਬੀਰ ਸਿੰਘ ਨਹੀਂ ਦੱਸਿਆ ਕਿ 15 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਭੋਗ ਦੀ ਅਰਦਾਸ ਤੋਂ ਉਪਰੰਤ ਗੁਰੂ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਤੇ ਸ਼ਾਮ ਸਿੰਘ ਗੁਰਕਿਰਪਾਲ ਸਿੰਘ, ਪ੍ਰਣਾਮ ਸਿੰਘ ਤਰਸੇਮ ਸਿੰਘ, ਬਲਦੇਵ ਸਿੰਘ ਸਤਨਾਮ ਸਿੰਘ, ਗੁਰਦੀਪ ਸਿੰਘ ਡਾਕਟਰ, ਨਿਹੰਗ ਬਲਦੇਵ ਸਿੰਘ ਗੁਰੂ ਕੀ ਲਾਡਲੀ ਫੌਜ ਹਾਜਿਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV





# ਇੰਡੀਅਨ ਹੁਕਮਰਾਨਾਂ ਵਲੋਂ ਇੰਡਸ ਵਾਟਰ ਟ੍ਰੀਟੀ ਰੱਦ ਕਰਨਾ ਜੰਗ ਨੂੰ ਸੱਦਾ ਦਿੰਦੇ ਹੋਏ ਪੰਜਾਬ ਨੂੰ ਜੰਗ ਦਾ ਅਖਾੜਾ ਬਣਾਉਣ ਦੇ ਅਮਲ: ਮਾਨ



ਨਵੀਂ ਦਿੱਲੀ, 16 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਕਿਉਂਕਿ ਇੰਡੀਆਂ ਦੀ ਮੋਦੀ ਬੀਜੇਪੀ-ਆਰਐਸਐਸ ਹਕੂਮਤ ਨੇ ਜੋ ਮਨੁੱਖਤਾ ਵਿਰੋਧੀ ਅਮਲ ਕਰਦੇ ਹੋਏ ਇੰਡਸ ਵਾਟਰ ਟ੍ਰੀਟੀ ਨੂੰ ਰੱਦ ਕਰਨ ਦੀ ਗੱਲ ਕੀਤੀ ਹੈ, ਇਹ ਕਿਸੇ ਤਰ੍ਹਾਂ ਵੀ ਦੱਖਣੀ ਏਸੀਆ ਖਿੱਤੇ ਦੇ ਅਮਨ ਚੈਨ ਨੂੰ ਕਾਇਮ ਰੱਖਣ ਵਿਚ ਸਹਾਈ ਨਹੀ ਹੋਵੇਗੀ । ਕਿਉਂਕਿ ਪਾਕਿਸਤਾਨ ਇਸ ਹੋਣ ਵਾਲੇ ਅਮਲ ਤੋ ਜੰਗ ਦੀ ਗੱਲ ਕਰੇਗਾ । ਜਿਸ ਨਾਲ ਦੋਵੇ ਮੁਲਕ ਇੰਡੀਆ ਤੇ ਪਾਕਿਸਤਾਨ ਜੰਗ ਕਰਨ ਨੂੰ ਉਤਸਾਹਿਤ ਕਰਨਗੇ ਅਤੇ ਅਜਿਹਾ ਹੋਣ ਤੇ ਦੋਵੇ ਪੰਜਾਬ ਜੰਗ ਦਾ ਅਖਾੜਾ ਬਣ ਜਾਣਗੇ । ਜਦੋਕਿ ਦੋਵੇ ਪੰਜਾਬ ਦੇ ਨਿਵਾਸੀਆ ਦਾ ਇਸ ਵਿਚ ਕੋਈ ਵੀ ਦੋਸ ਨਹੀ ਹੋਵੇਗਾ । ਇਨ੍ਹਾਂ ਪਾਣੀਆਂ ਦੀ ਸੰਭਾਲ ਅਤੇ ਤਕਨੀਕ ਪ੍ਰਾਪਤ ਕਰਨ ਹਿੱਤ ਹੀ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਇਹ ਪਾਣੀਆ ਦੀ ਤਕਨੀਕ ਪ੍ਰਾਪਤ ਕਰਨ ਹਿੱਤ ਹੀ ਇਜਰਾਇਲ ਜਾ ਰਹੇ ਸਨ । ਜਿਨ੍ਹਾਂ ਦੇ ਦੌਰੇ ਨੂੰ ਰੋਕ ਕੇ ਹੁਕਮਰਾਨਾਂ ਨੇ ਹੋਰ ਵੀ ਪੰਜਾਬੀਆਂ ਨਾਲ ਜ਼ਬਰ, ਬੇਇਨਸਾਫੀ ਕਰਨ ਦੇ ਅਮਲ ਕੀਤੇ ਜਾ ਰਹੇ ਹਨ । ਮਨੁੱਖੀ ਅਧਿਕਾਰਾਂ ਦੀ ਵਿਸ਼ਵਵਿਆਪੀ ਘੋਸ਼ਣਾ ਦੀ ਧਾਰਾ 13 (1) ਕਹਿੰਦੀ ਹੈ ਕਿ "ਹਰੇਕ ਨੂੰ ਹਰੇਕ ਰਾਜ ਦੀਆਂ ਸਰਹੱਦਾਂ ਦੇ ਅੰਦਰ ਆਵਾਜ਼ਾਈ ਅਤੇ ਨਿਵਾਸ ਦੀ ਆਜ਼ਾਦੀ ਦਾ ਅਧਿਕਾਰ ਹੈ ਅਤੇ (2) ਹਰੇਕ ਨੂੰ ਆਪਣਾ ਦੇਸ਼ ਸਮੇਤ ਕਿਸੇ ਵੀ ਦੇਸ਼ ਨੂੰ ਛੱਡਣ ਅਤੇ ਆਪਣੇ ਮੁਲਕ ਵਿਚ ਵਾਪਸ ਆਉਣ ਦਾ ਅਧਿਕਾਰ ਹੈ, ਦੀ ਵੀ ਹਿੰਦੂਤਵ ਹੁਕਮਰਾਨਾਂ ਨੇ ਘੋਰ ਉਲੰਘਣਾ ਕੀਤੀ ਹੈ । ਇਥੇ ਇਹ ਵੀ ਵਰਣਨ ਕਰਨਾ ਜਰੂਰੀ ਹੈ ਕਿ ਸੈਟਰ ਦੀ ਬੀਜੇਪੀ-ਆਰਐਸਐਸ ਅਤੇ ਪਹਿਲੀਆ ਹਕੂਮਤਾਂ ਨੇ ਪੰਜਾਬ ਦੇ ਪਾਣੀਆਂ ਨੂੰ ਜਬਰੀ ਖੋਹਕੇ ਪਹਿਲੋ ਹੀ ਸਾਡੀ ਉਪਜਾਊ ਜਮੀਨ ਨੂੰ ਬੰਜਰ ਬਣਾਉਣ ਦੇ ਦੁੱਖਦਾਇਕ ਅਮਲ ਕੀਤੇ ਹੋਏ ਹਨ । ਸਾਡੇ ਪਾਣੀਆਂ ਨੂੰ ਮੌਜੂਦਾ ਹਕੂਮਤ ਫਿਰ ਤੋ ਖੋਹਕੇ, ਲੁੱਟਕੇ ਰਾਜਸਥਾਂਨ ਤੇ ਮੱਧ ਪ੍ਰਦੇਸ ਨੂੰ ਦੇਣ ਦੇ ਮਨਸੂਬੇ ਬਣਾਏ ਜਾ ਰਹੇ ਹਨ । ਹੁਣ ਸਾਡੀ ਰੇਤਲੀ ਜਮੀਨ ਲਈ ਪਾਣੀ ਕਿਥੋ ਆਵੇਗਾ ?" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇੰਡਸ ਵਾਟਰ ਟ੍ਰੀਟੀ ਦੇ ਕੌਮਾਂਤਰੀ ਫੈਸਲੇ ਨੂੰ ਰੱਦ ਕਰਨ ਦੀ ਗੱਲ ਕਰਕੇ ਪੰਜਾਬ ਦੇ ਪਾਣੀਆ ਦੇ ਮਸਲੇ ਨੂੰ ਜਿਥੇ ਹੋਰ ਗੰਭੀਰ ਕਰ ਦਿੱਤਾ ਹੈ, ਉਥੇ ਸਾਡੀ ਇਸ ਪੰਜਾਬ ਦੀ ਪਵਿੱਤਰ ਜਰਖੇਜ ਧਰਤੀ ਨੂੰ ਬਿਨ੍ਹਾਂ ਵਜਹ ਦੋ ਮੁਲਕਾਂ ਦੀ ਜੰਗ ਵਿਚ ਧਕੇਲਣ ਦੇ ਦੁੱਖਦਾਇਕ ਅਮਲ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਸੈਂਟਰ ਦੇ ਪੰਜਾਬ ਸੂਬੇ ਅਤੇ ਪੰਜਾਬੀਆਂ ਨਾਲ ਲੰਮੇ ਸਮੇ ਤੋ ਕੀਤੇ ਜਾਂਦੇ ਆ ਰਹੇ ਜ਼ਬਰ-ਬੇਇਨਸਾਫ਼ੀਆਂ ਨੇ ਪਹਿਲੋ ਹੀ ਪੰਜਾਬੀਆਂ ਨੂੰ ਇਸ ਮੁਲਕ ਵਿਚ ਬੇਚੈਨ ਕੀਤਾ ਹੋਇਆ ਹੈ । ਲੇਕਿਨ ਹੁਣ ਜਦੋ ਮੁੱਖ ਮੰਤਰੀ ਪੰਜਾਬ ਇਥੋ ਦੇ ਖੇਤੀ ਪ੍ਰਧਾਨ ਸੂਬੇ ਦੇ ਲਈ ਪਾਣੀਆ ਦੀ ਸੰਭਾਲ ਅਤੇ ਉਸਦੀ ਜਾਰੀ ਕਰਨ ਦੀ ਤਕਨੀਕ ਨੂੰ ਦੂਸਰੇ ਮੁਲਕਾਂ ਤੋ ਪ੍ਰਾਪਤ ਕਰਕੇ ਸਾਡੇ ਕਿਸਾਨ ਜੋ ਪੰਜਾਬ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਹਨ, ਉਨ੍ਹਾਂ ਦੀ ਇਸ ਮੁਸਕਿਲ ਨੂੰ ਹੱਲ ਕਰਨਾ ਚਾਹੁੰਦੇ ਹਨ ਤਾਂ ਪੰਜਾਬ ਵਿਰੋਧੀ ਮੁਤੱਸਵੀ ਬੀਜੇਪੀ-ਆਰ.ਐਸ.ਐਸ ਹੁਕਮਰਾਨਾਂ ਨੇ ਉਨ੍ਹਾਂ ਦੇ ਇਜਰਾਇਲ ਦੌਰੇ ਨੂੰ ਰੱਦ ਕਰਕੇ ਪੰਜਾਬ ਅਤੇ ਪੰਜਾਬੀਆਂ ਵਿਰੋਧੀ ਹੋਣ ਨੂੰ ਪ੍ਰਤੱਖ ਕਰ ਦਿੱਤਾ ਹੈ । ਜੋ ਕਿ ਪੰਜਾਬੀਆਂ ਤੇ ਸਿੱਖ ਕੌਮ ਲਈ ਅਸਹਿ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਅਜੀਤ ਅਖ਼ਬਾਰ ਦੇ ਬਟਾਲਾ ਐਡੀਸ਼ਨ 'ਚ ਨਿਯੁਕਤੀਆਂ ਸਬੰਧੀ ਲੱਗੀ ਖ਼ਬਰ ਦਾ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਜੋਰਦਾਰ ਖੰਡਨ

**ਅਨੁਸ਼ਾਸਨਹੀਣਤਾ ਕਾਰਨ ਗੁਰਕੀਰਤਨ ਸਿੰਘ ਹੁੰਦਲ, ਗੁਰਪ੍ਰੀਤ ਸਿੰਘ ਬਟਾਲਾ ਅਤੇ ਜਤਿੰਦਰ ਸਿੰਘ ਸੋਹਲ ( ਗੋਰਾ ) ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਿਜ**



ਜਤਿੰਦਰ ਸਿੰਘ ਸੋਹਲ



ਗੁਰਕੀਰਤਨ ਸਿੰਘ ਹੁੰਦਲ



ਗੁਰਪ੍ਰੀਤ ਸਿੰਘ ਬਟਾਲਾ

ਅੰਮ੍ਰਿਤਸਰ 16 ਜਨਵਰੀ (ਆਵਾਜ਼ਿ ਕੌਮ ਬਿਊਰੋ)-ਅਕਾਲੀ ਦਲ ਵਾਰਿਸ ਪੰਜਾਬ ਦੇ ਪ੍ਰੈਸ ਸਕੱਤਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਮੁੱਖ ਦਫ਼ਤਰ ਸਕੱਤਰ ਭਾਈ ਪ੍ਰਗਟ ਸਿੰਘ ਮੀਆਂਵਿੰਡ ਨੇ ਕਿਹਾ ਕਿ ਅਜੀਤ ਅਖ਼ਬਾਰ ( ਮਿਤੀ 16 ਜਨਵਰੀ 2026, ਪੰਨਾ 7 ) ਵਿੱਚ ਛਪੀ ਖ਼ਬਰ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਨਾਂ 'ਤੇ ਗੁਰਕੀਰਤਨ ਸਿੰਘ ਹੁੰਦਲ ਨੂੰ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ, ਗੁਰਪ੍ਰੀਤ ਸਿੰਘ ਬਟਾਲਾ ਨੂੰ ਹਲਕਾ ਇੰਚਾਰਜ ਬਟਾਲਾ ਅਤੇ ਜਤਿੰਦਰ ਸਿੰਘ ਸੋਹਲ ( ਗੋਰਾ ) ਨੂੰ ਹਲਕਾ ਇੰਚਾਰਜ ਕਾਦੀਆਂ ਦਰਸਾਉਣਾਂ ਪੂਰੀ ਤਰ੍ਹਾਂ ਗਲਤ, ਗੁੰਮਰਾਹਕੁੰਨ ਅਤੇ ਗੈਰ-ਅਧਿਕਾਰਿਤ ਹੈ, ਕਿਉਂਕਿ ਪਾਰਟੀ ਵੱਲੋਂ ਇਸ ਤਰ੍ਹਾਂ ਦੀ ਕੋਈ ਵੀ ਨਿਯੁਕਤੀ ਨਾਂ ਤਾਂ ਕੀਤੀ ਗਈ ਹੈ ਅਤੇ ਨਾਂ ਹੀ ਕਿਸੇ ਅਧਿਕਾਰਿਤ ਆਗੂ ਵੱਲੋਂ ਬਿਆਨ ਰਾਹੀਂ ਐਲਾਨ ਹੋਇਆ ਹੈ। ਇਸ ਤੋਂ ਇਲਾਵਾ ਖ਼ਬਰ ਦੇ ਸੈਂਟਰ ਵਿੱਚ ਦਿੱਤੀ ਗਈ ਸਬ-ਹੈਡਿੰਗ ਰਾਹੀਂ "ਜਨਰਲ ਸਕੱਤਰ" ਵਰਗਾ ਅਹੁੱਦਾ ਦਰਸਾ ਕੇ ਪਾਰਟੀ ਦੇ ਢਾਂਚੇ ਬਾਰੇ ਗਲਤ ਧਾਰਨਾਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜਦਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਇਸ ਅਹੁੱਦੇ ਲਈ ਵੀ ਕਿਸੇ ਵਿਅਕਤੀ ਦੀ ਕੋਈ ਅਧਿਕਾਰਿਤ ਨਿਯੁਕਤੀ ਨਹੀਂ ਕੀਤੀ ਗਈ। ਭਾਈ ਪ੍ਰਗਟ ਸਿੰਘ ਮੀਆਂਵਿੰਡ ਨੇ ਕਿਹਾ ਕਿ ਪਾਰਟੀ ਦੇ ਨਾਂ 'ਤੇ ਆਪਣੀ ਮਰਜ਼ੀ ਨਾਲ ਅਹੁੱਦੇ ਵਰਤਣਾਂ, ਝੂਠੀਆਂ ਨਿਯੁਕਤੀਆਂ ਦਿਖਾਉਣਾਂ ਅਤੇ ਮੀਡੀਆ ਵਿੱਚ ਗਲਤ ਜਾਣਕਾਰੀ ਪ੍ਰਚਾਰਿਤ ਕਰਵਾਉਣਾ ਗੰਭੀਰ ਅਨੁਸ਼ਾਸਨਹੀਣਤਾ ਹੈ, ਜਿਸਨੂੰ ਅਕਾਲੀ ਦਲ ਵਾਰਿਸ ਪੰਜਾਬ ਦੇ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ, ਇਸ ਲਈ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸ੍ਰ ਗੁਰਕੀਰਤਨ ਸਿੰਘ ਹੁੰਦਲ, ਸ੍ਰ ਗੁਰਪ੍ਰੀਤ ਸਿੰਘ ( ਬਟਾਲਾ ) ਅਤੇ ਸ੍ਰ ਜਤਿੰਦਰ ਸਿੰਘ ਸੋਹਲ ( ਗੋਰਾ ) ਨੂੰ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦੀ ਸਿਫਾਰਸ਼ ਦੇ ਅਧਾਰ ਤੇ ਸੀਨੀਅਰ ਲੀਡਰਸ਼ਿਪ ਦੇ ਹੁਕਮਾਂ ਅਨੁਸਾਰ ਤੁਰੰਤ ਪ੍ਰਭਾਵ ਨਾਲ ਅਕਾਲੀ ਦਲ ਵਾਰਿਸ ਪੰਜਾਬ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਿਜ ਕੀਤਾ ਜਾਂਦਾ ਹੈ ਅਤੇ ਅਗਲੇ ਹੁਕਮਾਂ ਤੱਕ ਪਾਰਟੀ ਨਾਲ ਉਨ੍ਹਾਂ ਦਾ ਕੋਈ ਵੀ ਨਾਤਾ ਨਹੀਂ ਰਹੇਗਾ। ਉਨ੍ਹਾਂ ਨੇ ਸਮੂਹ ਸੰਗਤ, ਪਾਰਟੀ ਵਰਕਰਾਂ ਅਤੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਅਜਿਹੀਆਂ ਗੁੰਮਰਾਹ ਕਰਨ ਵਾਲੀਆਂ ਖ਼ਬਰਾਂ, ਨਕਲੀ ਅਹੁੱਦਿਆਂ ਅਤੇ ਗੈਰ-ਅਧਿਕਾਰਿਤ ਦਾਅਵਿਆਂ ਤੋਂ ਸਾਵਧਾਨ ਰਹਿੰਦੇ ਹੋਏ ਸਿਰਫ਼ ਅਕਾਲੀ ਦਲ ਵਾਰਿਸ ਪੰਜਾਬ ਦੇ ਅਧਿਕਾਰਿਤ ਬਿਆਨਾਂ ਅਤੇ ਪਲੇਟਫਾਰਮਾਂ 'ਤੇ ਹੀ ਭਰੋਸਾ ਕੀਤਾ ਜਾਵੇ, ਕਿਉਂਕਿ ਪਾਰਟੀ ਆਪਣੇ ਅਨੁਸ਼ਾਸਨ, ਪੰਥਕ ਸਿਧਾਂਤਾਂ ਅਤੇ ਸੰਘਰਸ਼ੀ ਰਾਹ ਨਾਲ ਕੋਈ ਸਮਝੌਤਾ ਨਹੀਂ ਕਰੇਗੀ ਅਤੇ ਪਾਰਟੀ ਦੇ ਅਕਸ ਨੂੰ ਢਾਹ ਲਾਉਣ ਵਾਲੀਆਂ ਅਜਿਹੀਆਂ ਕੋਸ਼ਿਸ਼ਾਂ ਦਾ ਹਰ ਪੱਧਰ 'ਤੇ ਡੱਟ ਕੇ ਜਵਾਬ ਦਿੱਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

### ਸੰਯੁਕਤ ਕਿਸਾਨ ਮੋਰਚਾ ਵਲੋਂ ਪੂਰੇ ਭਾਰਤ ਵਿੱਚ

# ਸਰਬ ਭਾਰਤੀ ਵਿਰੋਧ ਦਿਵਸ ਸਫਲਤਾਪੂਰਵਕ ਮਨਾਇਆ ਗਿਆ



**ਨਵੀਂ ਦਿੱਲੀ 16 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਸੰਯੁਕਤ ਕਿਸਾਨ ਮੋਰਚਾ ਵੱਲੋਂ ਅੱਜ 16 ਜਨਵਰੀ 2026 ਨੂੰ ਮਨਾਏ ਗਏ ਸਰਬ ਭਾਰਤੀ ਵਿਰੋਧ ਦਿਵਸ ਦੇ ਸੱਦੇ 'ਤੇ, ਦੇਸ਼ ਭਰ ਵਿੱਚ ਕਿਸਾਨਾਂ, ਖੇਤੀਬਾੜੀ ਕਾਮਿਆਂ, ਪੇਂਡੂ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਦੀ ਵੱਡੇ ਪੱਧਰ 'ਤੇ ਭਾਗੀਦਾਰੀ ਅਤੇ ਲਾਮਬੰਦੀ ਦੇਖੀ ਗਈ। ਪਿੰਡ ਅਤੇ ਜ਼ਿਲ੍ਹਾ ਪੱਧਰ 'ਤੇ ਉਤਸ਼ਾਹਜਨਕ ਭਾਗੀਦਾਰੀ ਨਾਲ ਪੰਜਾਬ, ਹਰਿਆਣਾ, ਦਿੱਲੀ, ਉਤਰਾਖੰਡ, ਉੱਤਰ ਪ੍ਰਦੇਸ਼, ਬਿਹਾਰ, ਤੇਲੰਗਾਨਾ, ਗੁਜਰਾਤ, ਰਾਜਸਥਾਨ, ਕੇਰਲ, ਤ੍ਰਿਪੁਰਾ ਅਤੇ ਪੱਛਮੀ ਬੰਗਾਲ ਵਰਗੇ ਕਈ ਰਾਜਾਂ ਵਿੱਚ ਸਹੁੰ-ਪੱਤਰ ਪ੍ਰੋਗਰਾਮ, ਵਿਰੋਧ ਪ੍ਰਦਰਸ਼ਨ, ਮੀਟਿੰਗਾਂ ਅਤੇ ਪ੍ਰਦਰਸ਼ਨ ਸਫਲਤਾਪੂਰਵਕ ਆਯੋਜਿਤ ਕੀਤੇ ਗਏ। ਇਸ ਮੌਕੇ 'ਤੇ, ਕਿਸਾਨਾਂ ਅਤੇ ਮਿਹਨਤਕਸ਼ ਲੋਕਾਂ ਨੇ ਸਮੂਹਿਕ ਤੌਰ 'ਤੇ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਦੀਆਂ ਕਿਸਾਨ-ਵਿਰੋਧੀ, ਮਜ਼ਦੂਰ-ਵਿਰੋਧੀ ਅਤੇ ਕਾਰਪੋਰੇਟ-ਪੱਖੀ ਨੀਤੀਆਂ ਵਿਰੁੱਧ ਸੰਯੁਕਤ ਸੰਘਰਸ਼ ਜਾਰੀ ਰੱਖਣ ਲਈ ਨਵੇਂ ਸਾਲ ਦਾ ਪ੍ਰਣ ਲਿਆ। ਪ੍ਰੋਗਰਾਮਾਂ ਨੇ ਬੀਜ ਬਿੱਲ 2025, ਬਿਜਲੀ ਬਿੱਲ 2025, ਵੀ ਬੀ ਗ੍ਰਾਮਜੀ ਐਕਟ 2025, ਅਤੇ ਚਾਰ ਕਿਰਤ ਕੋਡਾਂ ਦਾ ਸਖ਼ਤ ਵਿਰੋਧ ਕੀਤਾ, ਜੋ ਰੋਜ਼ੀ-ਰੋਟੀ, ਖੁਰਾਕ ਸੁਰੱਖਿਆ, ਰੁਜ਼ਗਾਰ ਗਰੰਟੀ ਅਤੇ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਖਤਰੇ ਵਿੱਚ ਪਾਉਂਦੇ ਹਨ, ਅਤੇ ਨਾਲ ਹੀ ਸੰਘਵਾਦ ਦੇ ਸਿਧਾਂਤਾਂ ਨੂੰ ਖੋਖਲਾ ਕਰਦੇ ਹਨ। ਐਸਕੇਐਮ ਦਾ ਕਹਿਣਾ ਹੈ ਕਿ ਰਾਜਾਂ ਵਿੱਚ ਵਿਆਪਕ ਅਤੇ ਅਨੁਸ਼ਾਸਿਤ ਭਾਗੀਦਾਰੀ ਭਾਰਤ ਦੇ ਮਿਹਨਤਕਸ਼ ਲੋਕਾਂ ਦੀ ਆਪਣੇ ਅਧਿਕਾਰਾਂ ਅਤੇ ਰੋਜ਼ੀ-ਰੋਟੀ ਦੀ ਰੱਖਿਆ ਲਈ ਵਧ ਰਹੀ ਏਕਤਾ ਅਤੇ ਦ੍ਰਿੜਤਾ ਨੂੰ ਦਰਸਾਉਂਦੀ ਹੈ। ਅਖਿਲ ਭਾਰਤੀ ਵਿਰੋਧ ਦਿਵਸ ਇਹਨਾਂ ਕਾਨੂੰਨਾਂ ਨੂੰ ਰੱਦ ਕਰਨ ਅਤੇ ਗਾਰੰਟੀਸ਼ੁਦਾ ਖਰੀਦ, ਰੁਜ਼ਗਾਰ ਸੁਰੱਖਿਆ, ਸਮਾਜਿਕ ਨਿਆਂ ਅਤੇ ਸੰਘੀ ਅਧਿਕਾਰਾਂ ਦੇ ਨਾਲ ਐਸਐਸਪੀ ਪ੍ਰਾਪਤ ਕਰਨ ਲਈ ਇੱਕ ਇਕਸਾਰ, ਸੰਯੁਕਤ, ਪੂਰੇ ਭਾਰਤ ਵਿੱਚ ਅੰਦੋਲਨ ਨੂੰ ਮਜ਼ਬੂਤ ਕਰਨ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਸੰਯੁਕਤ ਕਿਸਾਨ ਮੋਰਚਾ ਆਉਣ ਵਾਲੇ ਸਮੇਂ ਵਿੱਚ ਕੇਂਦਰੀ ਟਰੇਡ ਯੂਨੀਅਨਾਂ, ਖੇਤੀਬਾੜੀ ਮਜ਼ਦੂਰ ਯੂਨੀਅਨਾਂ ਅਤੇ ਦੇਸ਼ ਦੇ ਵੱਡੇ ਲੋਕਤੰਤਰੀ ਵਰਗਾਂ ਨਾਲ ਵਿਸ਼ਵਾਸ ਅਤੇ ਉਮੀਦ ਨਾਲ ਸੰਘਰਸ਼ਾਂ ਨੂੰ ਤੇਜ਼ ਕਰਦਾ ਰਹੇਗਾ, ਤਾਂ ਜੋ ਮੋਦੀ ਸਰਕਾਰ ਦੀਆਂ ਘਿਨਾਉਣੀਆਂ ਨੀਤੀਆਂ ਨੂੰ ਪਿੱਛੇ ਧੱਕਿਆ ਜਾ ਸਕੇ।

**ਮੋਦੀ ਸਰਕਾਰ ਦੀਆਂ ਘਿਨਾਉਣੀਆਂ ਨੀਤੀਆਂ ਨੂੰ ਪਿੱਛੇ ਧੱਕਣ ਲਈ ਸੰਘਰਸ਼ ਹੋਵੇਗਾ ਤੇਜ**

### ਯੂਅਰ ਸੇਵਾ ਚੈਰਾਇਟੀ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰ ਰਾਸ਼ਨ ਅਤੇ ਲੋੜਵੰਦ ਪਰਿਵਾਰਾਂ ਨੂੰ ਗਰਮ ਕੱਪੜੇ ਵੰਡੇ

# ਹਰ ਮਹੀਨੇ 125 ਪਰਿਵਾਰਾਂ ਨੂੰ ਵੰਡਿਆ ਜਾਂਦਾ ਹੈ ਰਾਸ਼ਨ-ਬਾਬਾ ਮਲਕੀਤ ਸਿੰਘ

**ਜੰਡਿਆਲਾ ਗੁਰੂ, 16 ਜਨਵਰੀ (ਕੁਲਵੰਤ ਸਿੰਘ ਵਿਰਦੀ)**-ਨੈਸ਼ਨਲ ਹਾਈਵੇ ਤੋਂ ਚਾਰ ਕਿਲੋਮੀਟਰ ਦੀ ਦੂਰੀ ਤੇ ਸਥਿਤ ਸੰਤ ਬਾਬਾ ਗੁਰਬਖਸ਼ ਸਿੰਘ ਜੀ ਖਾਲਸਾ ਅਕੈਡਮੀ, ਜੱਬੋਵਾਲ ਵੱਲੋ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਯੂ ਆਰ ਸੇਵਾ ਚੈਰਾਇਟੀ ਵੱਲੋਂ ਬੜੇ ਹੀ ਨੇਕ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ।। ਅਤੇ ਇਸ ਅਕੈਡਮੀ ਵੱਲੋਂ ਲੋੜਵੰਦ ਬੱਚਿਆਂ ਅਤੇ ਗਰੀਬ ਪਰਿਵਾਰਾਂ ਦੀ ਬਾਂਹ ਫੜੀ ਜਾ ਰਹੀ। ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਅਕੈਡਮੀ ਵੱਲੋਂ ਗਰੀਬ ਪਰਿਵਾਰਾਂ ,ਲੋੜਵੰਦ ਪਰਿਵਾਰਾਂ ,ਅਤੇ ਜਿਨਾਂ ਦਾ ਕੋਈ ਕਮਾਈ ਦਾ ਸਾਧਨ ਨਹੀਂ ਹੈ ਉਨ੍ਹਾਂ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਤੇ ਅਕੈਡਮੀ ਦੇ ਮੁੱਖ ਸੇਵਾਦਾਰ ਬਾਬਾ ਮਲਕੀਤ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ।ਇਹ ਪਹਿਲ ਕਦਮੀ ਅਤੇ ਸੇਵਾ ਦੀ ਆਰੰਭਤਾ 2013 ਤੋਂ ਸ਼ੁਰੂ ਕੀਤੀ ਅਤੇ 2014 ਨੂੰ ਰਾਸ਼ਨ ਅਸੀਂ ਪਹਿਲਾਂ ਪੰਜ ਪਰਿਵਾਰਾਂ ਵਿੱਚ ਵੰਡਿਆ ਇਹ ਉਹ ਪਰਿਵਾਰ ਸਨ ਜਿਨਾਂ ਦੇ ਕਮਰੇ ਵੀ ਕੱਚੇ ਸਨ ਅਤੇ ਕਮਾਈ ਦਾ ਜਿੰਨਾ ਦਾ ਕੋਈ ਸਾਧਨ ਵੀ ਨਹੀਂ ਸੀ ਜਾਂ ਜਿੰਨਾ ਪਰਿਵਾਰਾਂ ਵਿੱਚ ਕਮਾਉਣ ਵਾਲਾ ਵੀ ਆਦਮੀ ਨਹੀਂ ਸੀ ਉਹਨਾਂ ਪਰਿਵਾਰਾਂ ਤੋਂ ਆਰੰਭਤਾ ਕੀਤੀ। ਅਤੇ ਸਰਕਾਰ ਵੱਲੋਂ ਉਨਾਂ ਪਰਿਵਾਰਾਂ ਦੇ ਰਾਸ਼ਨ ਕਾਰਡ ਵੀ ਕੱਟੇ ਹੋਏ ਸਨ।। ਇਸ ਮੌਕੇ ਤੇ ਬਾਬਾ ਜੀ ਹੁਣਾਂ ਦੱਸਿਆ ਕਿ ਅਸੀਂ ਰਾਸ਼ਨ ਦੇ ਨਾਲ ਨਾਲ ਫਿਰ ਇਹ ਵੀ ਸੋਚਿਆ ਕਿ ਇਹਨਾਂ ਦੇ ਬੱਚਿਆਂ ਨੂੰ ਅਕੈਡਮੀ ਵਿੱਚ ਹੀ ਰੱਖਿਆ ਜਾਵੇ ਅਤੇ ਉਹਨਾਂ ਨੂੰ ਦੁਨਿਆਵੀ ਵਿਦਿਆ ਦੇ ਨਾਲ ਨਾਲ ਗੁਰਮਤਿ ਨਾਲ ਵੀ ਜੋੜਿਆ ਜਾਵੇ। ਤਾਂ ਜੋ ਬੱਚੇ ਪੜ ਲਿਖ ਸਕਣ ਅਤੇ ਗੁਰਬਾਣੀ ਨਾਲ ਜੁੜਨ ਅਤੇ ਆਪਣੇ ਪੈਰਾਂ ਤੇ ਸਟੈਂਡ ਹੋ ਕੇ ਆਪਣੀ ਰੋਜ਼ੀ ਰੋਟੀ ਕਮਾ ਸਕਣ। ਇਸ ਸਮੇਂ ਖਾਲਸਾ ਅਕੈਡਮੀ ਵਿੱਚ ਬੱਚਿਆਂ ਦੀ ਪੜ੍ਹਾਈ ਵੀ ਫਰੀ ਹੈ ਅਤੇ ਉਹਨਾਂ ਨੂੰ ਗੁਰਮਤਿ ਦੀ ਸੰਥਿਆ ਵੀ ਦਿੱਤੀ ਜਾ ਰਹੀ ਹੈ ਅਤੇ ਉਹਨਾਂ ਨੂੰ ਸਵੇਰ ਤੋਂ ਲੈ ਕੇ ਸ਼ਾਮ ਤੱਕ ਗੁਰਬਾਣੀ ਨਾਲ ਵੀ ਜੋੜਿਆ ਜਾਂਦਾ ਹੈ। ਅਤੇ ਇੱਥੇ ਬੱਚਿਆਂ ਨੂੰ ਬਾਕਸਿੰਗ ਦੀ ਸਿਖਾਈ ਜਾਂਦੀ ਹੈ ਅਤੇ ਹੋਰ ਖੇਡਾਂ ਬਾਰੇ ਵੀ ਜਾਗਰਿਤ ਕੀਤਾ ਜਾਂਦਾ ਹੈ। ਅਕੈਡਮੀ ਦੇ ਪ੍ਰਿੰਸੀਪਲ ਸਾਹਿਬ ਵੀ ਬਹੁਤ ਹੀ ਕਾਬਲੀਅਤ ਇਨਸਾਨ ਹਨ।। ਇੱਥੇ ਬੱਚਿਆਂ ਨੂੰ ਸ਼ਾਮ ਦੇ ਟਾਈਮ ਤੇ ਕਥਾ ਕੀਰਤਨ, ਅਤੇ ਗੁਰਬਾਣੀ ਦੀ ਸੰਥਿਆ ਵੀ ਦਿੱਤੀ ਜਾਂਦੀ ਹੈ। ਅਤੇ ਬੱਚਿਆਂ ਨੂੰ ਤਬਲਾ ਹਾਰਮੋਨੀਅਮ ਵੀ ਸਿਖਾਇਆ ਜਾਂਦਾ ਹੈ।। ਇੱਥੇ ਇਹ ਦੱਸਣ ਯੋਗ ਹੈ ਕਿ ਇਹ ਅਕੈਡਮੀ ਦੇ ਸਿੰਘ ਸਮੇਂ ਸਮੇਂ ਤੇ ਪੰਜਾਬ ਤੇ ਆਈਆਂ ਮੁਸੀਬਤਾਂ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ ਜਿਵੇਂ ਕਿਸਾਨ ਮੋਰਚੇ ਵਿੱਚ ਵੀ ਇਹਨਾਂ ਦਾ ਅਹਿਮ ਯੋਗਦਾਨ ਰਿਹਾ ਉੱਥੇ ਵੀ ਇਹਨਾਂ ਲੰਗਰ ਦੀ ਸੇਵਾ ਨਿਭਾਈ ਅਤੇ ਹੁਣ ਹੜ ਪੀੜਤਾਂ ਵਾਸਤੇ ਵੀ ਲਗਾਤਾਰ ਨਿਰੰਤਰ ਸੇਵਾ ਇਹਨਾਂ ਦੀ ਜਾਰੀ ਹੈ ਅਤੇ ਇਹਨਾਂ ਦੇ ਸੇਵਾਦਾਰ ਬਹੁਤ ਹੀ ਤਨ ਮਨ ਧਨ ਨਾਲ ਆਪਣੀ ਸੇਵਾ ਕਰ ਰਹੇ ਹਨ ਇੱਥੇ ਬਾਬਾ ਮਲਕੀਤ ਸਿੰਘ ਜੀ ਨੇ ਦੱਸਿਆ ਕਿ 2014 ਤੋਂ ਲੈ ਕੇ 2025 ਤੱਕ ਹੁਣ ਲਗਭਗ 125 ਪਰਿਵਾਰਾਂ ਨੂੰ ਹਰ ਮਹੀਨੇ ਰਾਸ਼ਨ ਮੁਹਈਆ ਕਰਵਾਇਆ ਜਾ ਰਿਹਾ ਹੈ।। ਇਹ ਰਾਸਨ ਵੰਡਣ ਤੋਂ ਪਹਿਲਾਂ ਸੰਗਤ ਨੂੰ ਦੋ ਘੰਟੇ 9 ਤੋਂ 11 ਵਜੇ ਤੱਕ ਨਾਮ ਜਪਾਇਆ ਜਾਂਦਾ ਹੈ। ਇਸ ਮੌਕੇ ਤੇ ਬਾਬਾ ਮਲਕੀਤ ਸਿੰਘ ਹੁਣਾਂ ਨੇ ਦੱਸਿਆ ਕਿ, ਇਸ ਵਾਰ ਰਾਸ਼ਨ ਦੇ ਨਾਲ ਨਾਲ ਸਰਦ ਰੁੱਤ ਨੂੰ ਵੇਖਦਿਆਂ ਹੋਇਆਂ ਲੋੜਵੰਦ ਪਰਿਵਾਰਾਂ ਨੂੰ ਅਤੇ ਗਰੀਬ ਬੱਚਿਆਂ ਅਤੇ ਬੇਸਹਾਰਾ ਲੋਕਾਂ ਨੂੰ ਗਰਮ ਕੱਪੜੇ ਬੱਚਿਆਂ ਦੇ ਕੱਪੜੇ ਜਿਸ ਵਿੱਚ ਗਰਮ ਸ਼ਾਲ,ਕੋਟੀਆਂ, ਸਵੈਟਰ, ਜੈਕਟਾ ਵੰਡੀਆਂ ਗਈਆਂ। ਇਸ ਮੌਕੇ ਤੇ ਬਾਬਾ ਮਲਕੀਤ ਸਿੰਘ ਹੋਣਾਂ ਨੇ ਕਿਹਾ ਕਿ ਐਨਆਰਆਈ ਵੀਰਾਂ ਨੂੰ ਅਪੀਲ ਹੈ ਕਿ ਵੱਧ ਤੋਂ ਵੱਧ ਤੁਸੀਂ ਇਸ ਸੁਸਾਇਟੀ ਨਾਲ ਜੁੜੋ ਤਾਂ ਕਿ ਆਪਣੇ ਹੀ ਗਰੀਬ, ਬੇਸਹਾਰਾ , ਤੇ ਲੋੜਵੰਦ ਪਰਿਵਾਰਾਂ ਦੀ, ਬਾਂਹ ਫੜੀ ਜਾ ਸਕੇ।,, ਇਸ ਮੌਕੇ ਤੇ ਮੁੱਖ ਸੇਵਾਦਾਰ ਬਾਬਾ ਮਲਕੀਤ ਸਿੰਘ ਭਾਈ ਸੁਖਚੈਨ ਸਿੰਘ ਗਿਆਨੀ ਤੇਜ ਬੀਰ ਸਿੰਘ, ਪ੍ਰਿੰਸੀਪਲ ਸੁਰਿੰਦਰਜੀਤ ਸਿੰਘ ਜਸਪਾਲ ਸਿੰਘ ਟੋਮਾ, ਸੁਖਦੇਵ ਸਿੰਘ ਗੁਰਬਾਜ ਸਿੰਘ ਬਾਜ ,ਗੁਰਪਿੰਦਰ ਸਿੰਘ ਆਦਿ ਸੇਵਾਦਾਰ ਹਾਜਰ ਸਨ।



### ਯੂਕੇ ਵਿਚ ਸਿੱਖ ਬੱਚੀ ਨਾਲ ਜਬਰਜਿਨਾਹ ਚਿੰਤਾਜਨਕ, ਬ੍ਰਿਟਿਸ਼ ਸਿੱਖ ਗਰੂਮਿੰਗ ਗੈਂਗ ਵਿਰੁੱਧ ਮੁਕਾਬਲਾ ਕਰਨ ਲਈ ਗੁਰੂਘਰਾਂ ਵਿਚ ਲਗਾਣ ਟ੍ਰੇਨਿੰਗ ਕੈਂਪ: ਭਾਈ ਭਿਓਰਾ/ ਭਾਈ ਤਾਰਾ



**ਨਵੀਂ ਦਿੱਲੀ, 16 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**-ਬੀਤੇ ਦੋ ਦਿਨ ਪਹਿਲਾਂ ਯੂਕੇ ਵਿਖ਼ੇ ਇਕ ਸਿੱਖ ਬੱਚੀ ਨਾਲ ਗਰੂਮਿੰਗ ਗੈਂਗ ਵਲੋਂ ਪੰਜ ਛੇ ਜਣਿਆ ਨਾਲ ਮਿਲਕੇ ਜਬਰਜਿੰਨ੍ਹਾਹ ਕੀਤਾ ਗਿਆ ਜੋ ਕਿ ਬਹੁਤ ਹੀ ਚਿੰਤਾਜਨਕ ਅਤਿ ਦੁਖਦਾਇਕ ਘਟਨਾ ਹੈ । ਇੰਨ੍ਹਾ ਵਿਚਾਰਾਂ ਦਾ ਪ੍ਰਗਟਾਵਾ ਬੁੜੈਲ ਜੇਲ੍ਹ ਅੰਦਰ ਬੰਦ ਭਾਈ ਪਰਮਜੀਤ ਸਿੰਘ ਭਿਓਰਾ ਅਤੇ ਭਾਈ ਜਗਤਾਰ ਸਿੰਘ ਤਾਰਾ ਨੇ ਆਪਣੀ ਪਰਿਵਾਰਿਕ ਮੁਲਾਕਾਤ ਦੌਰਾਨ ਕਰਦਿਆਂ ਕਿਹਾ ਕਿ ਯੂਕੇ ਅੰਦਰ ਪਿਛਲੇ ਲੰਮੇ ਸਮੇਂ ਤੋਂ ਗਰੂਮਿੰਗ ਗੈਂਗ ਸਰਗਰਮ ਹਨ ਤੇ ਵਾਰ ਵਾਰ ਉਨ੍ਹਾਂ ਵਲੋਂ ਕੀਤੀ ਜਾਂਦੀ ਕੋਈ ਨਾ ਕੋਈ ਅਣਸੁਖਾਵੀ ਘਟਨਾ ਅਖ਼ਬਾਰ ਦੀਆਂ ਸੁਰਖੀਆਂ ਬਣਦੀ ਰਹਿੰਦੀਆਂ ਹਨ। ਇਸ ਮਸਲੇ ਤੇ ਖਾਸ ਕਰਕੇ ਯੂਕੇ ਪਾਰਲੀਮੈਂਟ ਅੰਦਰ ਸਿੱਖ ਅਤੇ ਪੰਜਾਬੀ ਪਾਰਲੀਮੈਂਟ ਮੈਂਬਰ ਹੋਣ ਦੇ ਬਾਵਜੂਦ ਯੂਕੇ ਸਰਕਾਰ ਵਲੋਂ ਕੋਈ ਵੀ ਕਦਮ ਨਾ ਚੁੱਕੇ ਜਾਣੇ, ਵੀ ਵਡੀ ਚਿੰਤਾ ਦਾ ਵਿਸ਼ਾ ਹੈ, ਜਦਕਿ ਬੀਤੇ ਸਮੇਂ ਅੰਦਰ ਹੋਈਆਂ ਕੁਝ ਘਟਨਾਵਾਂ ਦਾ ਯੂਕੇ ਅੰਦਰ ਸਿੱਖ ਜੱਥੇਬੰਦੀਆਂ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ ਤੇ ਵਿਰੋਧ ਅਤੇ ਵਿਰੋਧ ਮਾਰਚ ਵੀ ਕੀਤੇ ਗਏ ਸਨ । ਉਨ੍ਹਾਂ ਕਿਹਾ ਕਿ ਅਸੀਂ ਯੂਕੇ ਦੀਆਂ ਸਮੂਹ ਸਿੱਖ ਫੈਡਰੇਸ਼ਨ, ਸਿੱਖ ਜਥੇਬੰਦੀਆਂ ਅਤੇ ਸਮੂਹ ਬ੍ਰਿਟਿਸ਼ ਸਿੱਖਾਂ ਨੂੰ ਅਪੀਲ ਕਰਦੇ ਹਾਂ ਕਿ ਇਹ ਬਹੁਤ ਹੀ ਗੰਭੀਰ ਮਸਲਾ ਹੈ ਤੇ ਇਸ ਮਸਲੇ 'ਤੇ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਬ੍ਰਿਟੇਨ ਦੇ ਸਮੂਹ ਗੁਰਦੁਆਰਾ ਸਾਹਿਬਾਨ ਵਿਖ਼ੇ ਅਤੇ ਹੋਰ ਜੋ ਵੀ ਉਚਿਤ ਜਗਾਵਾਂ ਹਨ, ਯੂਕੇ ਰਹਿੰਦੇ ਸਿੱਖ ਪੰਜਾਬੀ ਪਰਿਵਾਰਾਂ ਨੂੰ ਇੰਨ੍ਹਾ ਗਰੂਮਿੰਗ ਗੈਂਗ ਵਿਰੁੱਧ ਮੁਕਾਬਲਾ ਕਰਣ ਲਈ ਵਿਸ਼ੇਸ਼ ਤੌਰ ਤੇ ਟ੍ਰੇਨਿੰਗ ਕੈਂਪ ਲਗਾਏ ਜਾਣ ਜਿਸ ਵਿਚ ਉਨ੍ਹਾਂ ਨੂੰ ਗਰੂਮਿੰਗ ਗੈਂਗ ਦੀਆਂ ਗਤੀਵਿਧੀਆਂ ਦੀ ਭਰਪੂਰ ਜਾਣਕਾਰੀ ਦਿੱਤੀ ਜਾਏ ਜਿਸ ਨਾਲ ਭਵਿੱਖ ਵਿਚ ਹੋਰ ਕੋਈ ਵੀ ਅਣਸੁਖਾਵੀ ਘਟਨਾ ਨਾ ਵਾਪਰ ਸਕੇ । ਉਨ੍ਹਾਂ ਕਿਹਾ ਇਸ ਮਸਲੇ ਤੇ ਕੰਮ ਕਰ ਰਹੀ ਨੌਜੁਆਨ ਸਿੱਖਾਂ ਦੀ ਸੰਸਥਾ ਸਿੱਖ ਯੂਥ ਯੂਕੇ (ਭਾਈ ਦੀਪਾ ਸਿੰਘ) ਦਾ ਵੀ ਸਹਿਯੋਗ ਲਿਤਾ ਜਾ ਸਕਦਾ ਹੈ। ਨਾਲ ਹੀ ਸੰਸਾਰ ਅੰਦਰ ਬਣ ਰਹੇ ਜੰਗੀ ਹਾਲਾਤਾਂ ਨੂੰ ਦੇਖਦਿਆਂ ਆਪਣੀ ਸੁਰੱਖਿਆ ਲਈ ਹਰ ਗੁਰੂਘਰ ਅੰਦਰ ਮਾਰਸ਼ਲ ਆਰਟ ਅਤੇ ਗੱਤਕਾ ਦੀਆਂ ਰੋਜਾਨਾ ਕਲਾਸਾਂ ਲਗਾਈ ਜਾਣ ਦਾ ਤੁਰੰਤ ਉਪਰਾਲਾ ਕੀਤਾ ਜਾਏ।

# ਮੁ.ਫਤ ਸਿਹਤ ਬੀਮਾ ਯੋਜਨਾ ਪੰਜਾਬ ਸਰਕਾਰ ਦਾ ਇਤਿਹਾਸਕ ਕਦਮ : ਆਪ ਆਗੂ



**ਸੰਗਾਲਾ ( ਰਣਜੀਤ ਸਿੰਘ ਪੇਧਨੀ )**-ਪੰਜਾਬ ਸਰਕਾਰ ਵੱਲੋਂ ਰਾਜ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਸਿਹਤ ਬੀਮਾ ਸਹੂਲਤ ਤੂ ਕਾਰਡ ਮੁਹੱਈਆ ਕਰਵਾਉਣ ਦੀ ਯੋਜਨਾ ਹਰ ਵਰਗ ਲਈ ਬੇਹੱਦ ਲਾਹੇਵੰਦ ਸਾਬਤ ਹੋਵੇਗੀ ਤੇ ਸਰਕਾਰ ਵੱਲੋਂ ਇਸ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਆਗੂ ਭੁਪਿੰਦਰ ਸਿੰਘ ਐਮਸੀ, ਵਿੱਕੀ ਚੱਠਾ ਉਮੀਦਵਾਰ ਵਾਰਡ ਨੰਬਰ 10, ਵਾਰਡ ਨੰਬਰ 11 ਅਤੇ 12 ਤੋਂ ਆਪ ਦੇ ਉਮੀਦਵਾਰ ਜਸਵੀਰ ਸਿੰਘ ਜੱਜ,ਵਾਰਡ ਨੰਬਰ 20 ਤੋਂ ਆਪ ਉਮੀਦਵਾਰ ਅਜੈਬ ਸਿੰਘ ਹੈਪੀ , ਰਾਜ ਟਰੇਡਰਜ਼ ਕਮਿਸ਼ਨ ਦੇ ਮੈਂਬਰ ਕੁਲਦੀਪ ਸਿੰਘ ਬੁੱਟਰ ਅਤੇ ਐਮ ਸੀ ਉਮੀਦਵਾਰ ਨਵਜੋਤ ਕੌਰ ਨੇ ਕੀਤਾ। ਉਨ੍ਹਾਂ ਕਿਹਾ ਕਿ ਇਹ ਸਿਹਤ ਬੀਮਾ ਕਾਰਡ ਬਣਾਉਣ ਦੀ ਜ਼ਿੰਮੇਵਾਰੀ ਪਾਰਟੀ ਵੱਲੋਂ 1 ਨਿਯੁਕਤ ਵਲੰਟੀਅਰਾਂ ਨੂੰ ਸੌਂਪੀ ਗਈ ਤੋਂ ਹੈ। ਹਰ ਵਲੰਟੀਅਰ ਨੂੰ ਇਕ ਵਿਸ਼ੇਸ਼ ਮਸ਼ੀਨ ਦਿੱਤੀ ਜਾਵੇਗੀ, ਜਿਸ ਦੇ

ਜ਼ਰੀਏ ਘਰ-ਘਰ ਜਾ ਕੇ ਲੋਕਾਂ ਦੇ ਕਾਰਡ ਬਣਾਏ ਜਾਣਗੇ ਤਾਂ ਜੋ ਆਮ ਲੋਕਾਂ ਨੂੰ ਕਿਸੇ ਦਫ਼ਤਰ ਦੇ ਚੱਕਰ ਨਾ ਲਗਾਉਣੇ ਪੈਣ ਅਤੇ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਮਨੀਸ਼ ਸਿਸੋਦੀਆ ਦੀ ਅਗਵਾਈ ਹੇਠ ਪੰਜਾਬ ਦੇ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਮੁੱਖ ਰੱਖ ਕੇ ਆਪਣੇ ਆਪ ਨੂੰ ਇਸ ਖੇਡ ਵਿੱਚ ਪਰਪੱਕ ਕਰ ਲਿਆ ਅਤੇ ਲਗਾਤਾਰ ਬਲਾਕ, ਜ਼ਿਲ੍ਹਾ ਸਟੇਟ ਅਤੇ ਨੈਸ਼ਨਲ ਪੱਧਰ 'ਤੇ ਪ੍ਰਾਪਤੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਸਾਲ 2022 ਤੋਂ ਬਾਅਦ ਲੋਕਹਿਤ ਵਿੱਚ ਕਈ ਇਤਿਹਾਸਕ ਫੈਸਲੇ ਲਏ ਹਨ। ਸਰਕਾਰ ਲਗਭਗ 19 ਟੋਲ ਪਲਾਜ਼ੇ ਬੰਦ ਕਰਕੇ ਆਮ ਲੋਕਾਂ ਨੂੰ ਵੱਡੀ ਆਰਥਿਕ ਰਾਹਤ ਦੇ ਚੁੱਕੀ ਹੈ। ਇਸਦੇ ਨਾਲ ਹੀ 80 ਫੀਸਦੀ ਘਰੇਲੂ ਖਪਤਕਾਰਾਂ ਨੂੰ ਮੁਫ਼ਤ ਬਿਜਲੀ ਦਾ ਲਾਭ ਦੇਣ ਵਿਚ ਸਰਕਾਰ ਸਫਲ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਭਰ ਵਿੱਚ ਮੁਫ਼ਤ ਦਵਾਈਆਂ ਦੀ ਸਹੂਲਤ, ਆਮ ਆਦਮੀ ਕਲੀਨਿਕਾਂ ਦੀ ਸਥਾਪਨਾ ਰਾਹੀਂ ਗਰੀਬ ਅਤੇ ਮੱਧ ਵਰਗ ਨੂੰ ਸਿਹਤ ਸੇਵਾਵਾਂ ਘਰ ਦੇ ਨੇੜੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸਦੇ ਨਾਲ ਹੀ ਖੇਤੀਬਾੜੀ ਸੈਕਟਰ ਨੂੰ 8 ਘੰਟੇ ਦਿਨ ਦੇ ਸਮੇਂ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ, ਜਿਸ ਨਾਲ ਕਿਸਾਨਾਂ ਨੂੰ ਵੱਡਾ ਲਾਭ ਮਿਲ ਰਿਹਾ ਹੈ।

ਅਣਦਿਸਦੇ ਚਾਨਣ ਦੀ ਦਾਸਤਾਨ

# ਇੱਕ ਫਲਸਫਾਨਾ ਸਫ਼ਰ

ਭੂਮਿਕਾ (ਗੁਰਬਾਣੀ ਨਾਲ ਸ਼ੁਰੂਆਤ)

ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- ਅੰਗ 642)

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੈ ਕਾ ਵਿਚਿ ਵਾਸੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- ਅੰਗ 463)

ਇਨਸਾਨ ਦੀ ਅਸਲੀ ਪਹਿਚਾਣ ਉਸਦੇ ਬਾਹਰੀ ਰੂਪ ਜਾਂ ਦਿਖਾਵੇ ਨਾਲ ਨਹੀਂ, ਸਗੋਂ ਉਸਦੀ ਅੰਦਰਲੀ ਨੀਅਤ ਅਤੇ ਸੋਚ ਨਾਲ ਹੁੰਦੀ ਹੈ। ਪਰ ਅੱਜ ਦੇ ਦੌਰ ਵਿੱਚ, ਜਿੱਥੇ ਸੱਚ ਤੋਂ ਵੱਧ ਪ੍ਰਦਰਸ਼ਨ ਦੀ ਕਦਰ ਹੈ, ਉੱਥੇ ਅੰਦਰਲੇ ਚਾਨਣ ਨੂੰ ਅਕਸਰ ਅਣਦੇਖਾ ਕਰ ਦਿੱਤਾ ਜਾਂਦਾ ਹੈ। ਇਹ ਕਹਾਣੀ ਉਸ ਅਣਦਿਸਦੇ ਚਾਨਣ ਦੀ ਹੈ, ਜੋ ਸ਼ੋਰ ਨਹੀਂ ਮਚਾਉਂਦਾ ਪਰ ਹਨੇਰੇ ਵਿੱਚ ਵੀ ਰਾਹ ਦਿਖਾਉਂਦਾ ਹੈ- ਇੱਕ ਅਜਿਹਾ ਫਲਸਫਾਨਾ ਸਫ਼ਰ, ਜੋ 'ਦਿਸਣ' ਦੀ ਦੁਨੀਆ ਵਿੱਚ 'ਹੋਣ' ਦੀ ਕੀਮਤ ਸਿਖਾਉਂਦਾ ਹੈ।

ਭਾਗ 1: ਅੰਦਰੂਨੀ ਜੰਗ ਅਤੇ ਬਾਹਰੀ ਸ਼ੋਰ

ਸੁਖਦੇਵ ਸਿੰਘ ਇੱਕ ਅਜਿਹਾ ਇਨਸਾਨ ਸੀ, ਜਿਸ ਦੇ ਦਿਲ ਵਿੱਚ ਰੱਬ ਦਾ ਖੌਫ਼ ਅਤੇ ਇਨਸਾਨਾਂ ਲਈ ਮੁਹੱਬਤ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਹ ਉਸ ਨਸਲ ਦਾ ਬੰਦਾ ਸੀ, ਜੋ ਕਿਸੇ ਦੀ ਮਦਦ ਕਰਕੇ ਆਪਣਾ ਸੱਜਾ ਹੱਥ ਖੱਬੇ ਨੂੰ ਪਤਾ ਨਹੀਂ ਲੱਗਣ ਦਿੰਦਾ। ਪਰ ਅੱਜ ਦਾ ਦੌਰ 'ਸੱਜੇ ਹੱਥ' ਨਾਲ ਮਦਦ ਕਰਨ ਦਾ ਨਹੀਂ, ਸਗੋਂ ਉਸ ਮਦਦ ਦੀ 'ਸੈਲਫੀ' ਖਿੱਚ ਕੇ ਦੁਨੀਆ ਨੂੰ ਦਿਖਾਉਣ ਦਾ ਸੀ।

ਸੁਖਦੇਵ ਸਿੰਘ ਅਕਸਰ ਇਕੱਲਾ ਬੈਠਾ ਸੋਚਦਾ, "ਕੀ ਮੈਂ ਗਲਤ ਹਾਂ ? ਮੇਰੀ ਨੇਕੀ ਲੋਕਾਂ ਨੂੰ ਦਿਸਦੀ ਕਿਉਂ ਨਹੀਂ ? ਮੈਂ ਅੰਦਰੋਂ ਸਭ ਦਾ ਭਲਾ ਚਾਹੁੰਦਾ ਹਾਂ, ਪਰ ਜਦੋਂ ਮੈਂ ਲੋਕਾਂ ਵਿੱਚ ਵਿਚਰਦਾ ਹਾਂ, ਤਾਂ ਮੈਂ ਇੱਕ 'ਬੇਗਾਨਾ' ਜਾਂ 'ਰੁੱਖਾ' ਇਨਸਾਨ ਲੱਗਦਾ ਹਾਂ।"

ਇਹ ਅੱਜ ਦੇ ਸਮੇਂ ਦਾ ਸਭ ਤੋਂ ਵੱਡਾ ਫਲਸਫਾਨਾ ਸੰਕਟ ਹੈ- 'ਹੋਣ' ਅਤੇ 'ਦਿਸਣ' ਵਿਚਕਾਰਲੀ ਜੰਗ। ਅੱਜ ਦੀ ਦੁਨੀਆ ਵਿੱਚ 'ਹੋਣਾ' ਮਾਇਨੇ ਨਹੀਂ ਰੱਖਦਾ, 'ਦਿਸਣਾ' ਲਾਜ਼ਮੀ ਹੋ ਗਿਆ ਹੈ।

ਭਾਗ 2: ਕੰਚ-ਨਗਰ ਦਾ ਦਸਤੂਰ (ਵਿਸ਼ਲੇਸ਼ਣ)

ਸੁਖਦੇਵ ਸਿੰਘ ਇੱਕ ਅਜਿਹੇ ਸ਼ਹਿਰ ਵਿੱਚ ਰਹਿੰਦਾ ਸੀ, ਜਿਸ ਨੂੰ ਉਹ 'ਕੰਚ-ਨਗਰ' ਕਹਿੰਦਾ ਸੀ। ਇੱਥੇ ਹਰ ਕੋਈ ਸ਼ੀਸ਼ੇ ਦੇ ਮਹਿਲਾਂ ਵਿੱਚ ਰਹਿੰਦਾ ਸੀ ਅਤੇ ਹਰ ਕੋਈ ਦੂਜੇ ਨੂੰ ਸਿਰਫ਼ ਉਹੀ ਦਿਖਾਉਂਦਾ ਸੀ ਜੋ ਸੋਹਣਾ ਸੀ। ਅੱਜ ਦੇ ਸੋਸ਼ਲ ਮੀਡੀਆ ਦੇ ਦੌਰ ਵਿੱਚ, ਸਾਡੀਆਂ ਭਾਵਨਾਵਾਂ 'ਪੋਸਟਾਂ' ਬਣ ਗਈਆਂ ਹਨ ਅਤੇ ਸਾਡਾ ਦਰਦ 'ਸਟੇਟਸ' ਬਣ ਗਿਆ ਹੈ।

ਸੁਖਦੇਵ ਸਿੰਘ ਦਾ ਵਿਸ਼ਲੇਸ਼ਣ ਕਹਿੰਦਾ ਸੀ ਕਿ ਅਸੀਂ "ਪ੍ਰਭਾਵ ਦੀ ਆਰਥਿਕਤਾ" (Economy of Impression) ਵਿੱਚ ਜੀ ਰਹੇ ਹਾਂ। ਜੇ ਤੁਸੀਂ ਚੰਗੇ ਹੋ ਪਰ ਚੰਗੇ 'ਦਿਸ' ਨਹੀਂ ਰਹੇ, ਤਾਂ ਮਾਰਕੀਟ ਦੀ ਨਜ਼ਰ ਵਿੱਚ ਤੁਹਾਡੀ ਕੋਈ ਕੀਮਤ ਨਹੀਂ। ਪਰ ਸੁਖਦੇਵ ਸਿੰਘ ਦੀ ਰੂਹ ਇਸ ਮੰਡੀ ਦਾ ਹਿੱਸਾ ਬਣਨ ਤੋਂ ਇਨਕਾਰੀ ਸੀ। ਉਹ ਰੱਬ ਤੋਂ ਡਰਦਾ ਸੀ, ਤੇ ਰੱਬ ਨੀਅਤਾਂ ਦੇਖਦਾ ਹੈ, ਚਿਹਰੇ ਨਹੀਂ। ਪਰ ਇਨਸਾਨ ਤਾਂ ਸਿਰਫ਼ ਚਿਹਰੇ ਦੇਖਣ ਦੇ ਆਦੀ ਹੋ ਚੁੱਕੇ ਹਨ।

ਭਾਗ 3: ਬਾਬਾ ਜ਼ੋਰਾਵਰ ਨਾਲ ਮੁਲਾਕਾਤ

ਇੱਕ ਦਿਨ ਸੁਖਦੇਵ ਸਿੰਘ ਬਹੁਤ ਉਦਾਸ ਹੋ ਕੇ ਸ਼ਹਿਰ ਦੇ ਪੁਰਾਣੇ ਹਿੱਸੇ ਵਿੱਚ ਰਹਿਣ ਵਾਲੇ ਇੱਕ ਫਲਸਫੀ ਬਜ਼ੁਰਗ, ਬਾਬਾ ਜ਼ੋਰਾਵਰ ਕੋਲ ਗਿਆ। ਬਾਬਾ ਇੱਕ ਪੁਰਾਣੀ ਘੜੀਸਾਜ਼ ਸੀ, ਜੋ ਟੁੱਟੀਆਂ ਘੜੀਆਂ ਹੀ ਨਹੀਂ, ਟੁੱਟੇ ਮਨਾਂ ਦੀ ਨਬਜ਼ ਵੀ ਪਛਾਣਦਾ ਸੀ।

ਸੁਖਦੇਵ ਸਿੰਘ ਨੇ ਆਪਣਾ ਦੁੱਖ ਫਰੋਲਿਆ, "ਬਾਬਾ, ਮੈਂ ਅੰਦਰੋਂ ਸਭ ਲਈ ਦੁਆਵਾਂ ਮੰਗਦਾ ਹਾਂ, ਰੱਬ ਗਵਾਹ ਹੈ ਕਿ ਮੈਂ ਕਦੇ ਕਿਸੇ ਦਾ ਬੁਰਾ ਨਹੀਂ ਸੋਚਿਆ। ਪਰ ਲੋਕ ਮੈਨੂੰ ਗਲਤ ਸਮਝਦੇ ਹਨ। ਮੈਨੂੰ ਉਹ 'ਚਮਕ-ਧਮਕ' ਦਿਖਾਉਣੀ ਨਹੀਂ ਆਉਂਦੀ, ਜੋ ਦੂਜਿਆਂ ਕੋਲ ਹੈ। ਕੀ ਮੇਰੀ ਨੇਕੀ ਵਿਅਰਥ ਹੈ ?"

ਬਾਬਾ ਜੀ ਨੇ ਆਪਣੀ ਐਨਕ ਉਤਾਰੀ ਅਤੇ ਮੁਸਕਰਾ ਕੇ ਕਿਹਾ, "ਪੁੱਤਰ, ਤੂੰ ਕਦੇ ਜੜ੍ਹਾਂ ਨੂੰ ਦੇਖਿਆ ਹੈ ? ਉਹ ਜ਼ਮੀਨ ਦੇ ਹੇਠਾਂ ਹਨੇਰੇ ਵਿੱਚ ਰਹਿੰਦੀਆਂ ਹਨ। ਉਹ ਕਦੇ ਬਾਹਰ ਆ ਕੇ ਨਹੀਂ ਕਹਿੰਦੀਆਂ ਕਿ 'ਦੇਖੋ, ਮੈਂ ਪਾਣੀ ਖਿੱਚ ਰਹੀ ਹਾਂ ਤਾਂ ਹੀ ਇਹ ਦਰੱਖਤ ਹਰਾ ਹੈ।' ਬਾਹਰ ਤਾਂ ਸਿਰਫ਼ ਫੁੱਲ ਅਤੇ ਪੱਤੇ ਦਿਸਦੇ ਹਨ, ਜੋ ਹਵਾਵਾਂ ਨਾਲ ਲਹਿਰਾਉਂਦੇ ਹਨ। ਦੁਨੀਆ ਫੁੱਲਾਂ ਦੀ ਤਾਰੀਫ਼ ਕਰਦੀ ਹੈ, ਪਰ ਦਰੱਖਤ ਜੜ੍ਹਾਂ ਸਿਰ ਜਿਉਂਦਾ ਰਹਿੰਦਾ ਹੈ।"

ਭਾਗ 4: ਫਲਸਫਾਨਾ ਨਿਚੋੜ - 'ਦੀਵਾ' ਬਨਾਮ 'ਨਿਓਨ ਲਾਈਟ'

ਬਾਬਾ ਜੀ ਨੇ ਅੱਗੇ ਸਮਝਾਇਆ, "ਅੱਜ ਦਾ ਸਮਾਂ 'ਨਿਓਨ ਲਾਈਟਾਂ' (Neon Lights) ਦਾ ਹੈ। ਇਹ ਬਹੁਤ ਚਮਕਦੀਆਂ ਹਨ, ਅੱਖਾਂ ਚੁੰਧਿਆ ਦਿੰਦੀਆਂ ਹਨ, ਪਰ ਇਨ੍ਹਾਂ ਦੀ ਕੋਈ ਆਪਣੀ ਹੋਂਦ ਨਹੀਂ ਹੁੰਦੀ, ਇਹ ਸਿਰਫ਼ ਗੈਸ ਅਤੇ ਬਿਜਲੀ ਦਾ ਪ੍ਰਦਰਸ਼ਨ ਹਨ। ਪਰ ਇੱਕ 'ਦੀਵਾ' ਭਾਵੇਂ ਛੋਟਾ ਹੋਵੇ, ਉਸ ਵਿੱਚ ਤੇਲ (ਸੱਚਾਈ) ਅਤੇ ਬੱਤੀ (ਨੀਅਤ) ਹੁੰਦੀ ਹੈ। ਉਹ ਸ਼ੋਰ ਨਹੀਂ ਮਚਾਉਂਦਾ, ਪਰ ਹਨੇਰਾ ਚੀਰਨ ਦੀ ਤਾਕਤ ਰੱਖਦਾ ਹੈ।"

ਸੁਖਦੇਵ ਸਿੰਘ ਨੇ ਪੁੱਛਿਆ, "ਪਰ ਬਾਬਾ ਜੀ, ਜੇ ਲੋਕ ਦੀਵੇ ਨੂੰ ਦੇਖ ਹੀ ਨਾ ਸਕਣ ?÷

ਬਾਬਾ ਜੀ ਨੇ ਜਵਾਬ ਦਿੱਤਾ, "ਰੱਬ ਤੋਂ ਡਰਨ ਵਾਲਾ ਇਨਸਾਨ ਉਹ ਹੁੰਦਾ ਹੈ, ਜੋ ਆਪਣੀ ਅਦਾਲਤ ਆਪਣੇ ਅੰਦਰ ਲਗਾਉਂਦਾ ਹੈ। ਜੇ ਤੇਰੀ ਨੀਅਤ ਸਾਫ਼ ਹੈ, ਤਾਂ ਤੈਨੂੰ ਕਿਸੇ ਦੇ ਸਰਟੀਫਿਕੇਟ ਦੀ ਲੋੜ ਨਹੀਂ। ਯਾਦ ਰੱਖੀਂ, ਸਭ ਤੋਂ ਕੀਮਤੀ ਹੀਰੇ ਹਮੇਸ਼ਾ ਖਾਣਾਂ ਦੀ ਡੂੰਘਾਈ ਵਿੱਚ ਹੁੰਦੇ ਹਨ, ਸੜਕਾਂ 'ਤੇ ਪਏ ਪੱਥਰਾਂ ਦੀ ਚਮਕ ਸਿਰਫ਼ ਧੁੱਪ ਤੱਕ ਹੁੰਦੀ ਹੈ।"


ਭਾਗ 5: ਵਿਸ਼ਲੇਸ਼ਣ - ਅੱਜ ਦੇ ਹਾਲਾਤਾਂ ਦੀ ਤਸਵੀਰ

ਸੁਖਦੇਵ ਸਿੰਘ ਨੂੰ ਸਮਝ ਆ ਗਿਆ ਕਿ ਅੱਜ ਦੇ ਸਮੇਂ ਵਿੱਚ ਅਸੀਂ "ਪ੍ਰਦਰਸ਼ਨਕਾਰੀ ਉਦਾਰਤਾ" (Performative Generosity) ਦੇ ਸ਼ਿਕਾਰ ਹਾਂ। ਅਸੀਂ ਮਦਦ ਇਸ ਲਈ ਨਹੀਂ ਕਰਦੇ ਕਿ ਦੂਜੇ ਦਾ ਭਲਾ ਹੋਵੇ, ਸਗੋਂ ਇਸ ਲਈ ਕਰਦੇ ਹਾਂ ਕਿ ਸਾਨੂੰ 'ਨੇਕ' ਮੰਨਿਆ ਜਾਵੇ।

ੳ) ਭਾਵਨਾਵਾਂ ਦਾ ਵਪਾਰ: ਅਸੀਂ ਹਰ ਚੰਗੇ ਕੰਮ ਨੂੰ ਇੱਕ 'ਬ੍ਰਾਂਡ' ਬਣਾ ਦਿੱਤਾ ਹੈ।

ਅ) ਡਿਜੀਟਲ ਇਕੱਲਤਾ: ਜਿੰਨਾ ਜ਼ਿਆਦਾ ਅਸੀਂ ਬਾਹਰੋਂ ਜੁੜੇ ਹੋਏ (Connected) ਦਿਸਦੇ ਹਾਂ, ਓਨਾ ਹੀ ਅਸੀਂ ਅੰਦਰੋਂ ਇਕੱਲੇ ਹਾਂ।

ੲ) ਪ੍ਰਭਾਵ ਦੀ ਗੁਲਾਮੀ: ਅਸੀਂ ਦੂਜਿਆਂ ਦੀਆਂ ਨਜ਼ਰਾਂ ਵਿੱਚ ਉੱਚਾ ਉੱਠਣ ਲਈ ਆਪਣੇ ਅੰਦਰਲੇ ਰੱਬ (ਜ਼ਮੀਰ) ਨੂੰ ਨੀਵਾਂ ਦਿਖਾ ਦਿੰਦੇ ਹਾਂ।




ਭਾਗ 6: ਨਵੀਂ ਸੋਚ ਅਤੇ ਖੁਸ਼ੀ ਦਾ ਉਦੈ

ਕੁਝ ਦਿਨਾਂ ਬਾਅਦ, ਸ਼ਹਿਰ ਵਿੱਚ ਇੱਕ ਵੱਡੀ ਮੁਸੀਬਤ ਆਈ। ਭਾਰੀ ਹੜ੍ਹ ਕਾਰਨ ਬਿਜਲੀ ਗੁੱਲ ਹੋ ਗਈ ਅਤੇ ਇੰਟਰਨੈਟ ਬੰਦ ਹੋ ਗਿਆ। ਉਹ ਸਾਰੇ ਲੋਕ ਜੋ 'ਸੋਸ਼ਲ ਮੀਡੀਆ' 'ਤੇ ਬਹੁਤ ਦਿਆਲੂ ਦਿਸਦੇ ਸਨ, ਆਪਣੇ ਫੋਨਾਂ ਦੀ ਬੈਟਰੀ ਬਚਾਉਣ ਲਈ ਘਰਾਂ ਵਿੱਚ ਦੁਬਕ ਗਏ। ਉਨ੍ਹਾਂ ਦਾ 'ਪ੍ਰਦਰਸ਼ਨ' ਰੁਕ ਗਿਆ ਕਿਉਂਕਿ ਦਰਸ਼ਕ ਕੋਈ ਨਹੀਂ ਸੀ।

ਪਰ ਸੁਖਦੇਵ ਸਿੰਘ, ਜਿਸ ਨੂੰ ਦਿਖਾਵਾ ਕਰਨਾ ਨਹੀਂ ਸੀ ਆਉਂਦਾ, ਉਹ ਚੁੱਪਚਾਪ ਨਿਕਲਿਆ। ਉਸਨੇ ਪਾਣੀ ਵਿੱਚ ਵੜ ਕੇ ਲੋਕਾਂ ਨੂੰ ਕੱਢਿਆ, ਭੁੱਖਿਆਂ ਨੂੰ ਰੋਟੀ ਦਿੱਤੀ। ਉਸ ਕੋਲ ਕੋਈ ਕੈਮਰਾ ਨਹੀਂ ਸੀ, ਕੋਈ ਲਾਈਵ ਸਟ੍ਰੀਮ ਨਹੀਂ ਸੀ।

ਜਦੋਂ ਸੂਰਜ ਚੜ੍ਹਿਆ ਅਤੇ ਹਾਲਾਤ ਸੁਧਰੇ, ਤਾਂ ਲੋਕਾਂ ਨੇ ਦੇਖਿਆ ਕਿ ਕਿਸੇ ਨੇ ਗੁਪਤ ਤਰੀਕੇ ਨਾਲ ਉਨ੍ਹਾਂ ਦੀ ਜਾਨ ਬਚਾਈ ਸੀ। ਉਹ ਸੁਖਦੇਵ ਸਿੰਘ ਸੀ। ਲੋਕਾਂ ਨੂੰ ਅਹਿਸਾਸ ਹੋਇਆ ਕਿ ਅਸਲੀ ਨੇਕੀ ਉਹ ਨਹੀਂ ਹੁੰਦੀ, ਜੋ 'ਲਾਈਕਸ' ਅਤੇ 'ਕਮੈਂਟਸ' ਬਟੋਰੇ, ਸਗੋਂ ਉਹ ਹੁੰਦੀ ਹੈ, ਜੋ ਬਿਨਾਂ ਬੋਲੇ ਕਿਸੇ ਦੀ ਜ਼ਿੰਦਗੀ ਬਦਲ ਦੇਵੇ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਟਾ (Conclusion)

ਸੁਖਦੇਵ ਸਿੰਘ ਹੁਣ ਖੁਸ਼ ਸੀ। ਉਸਨੂੰ ਸਮਝ ਆ ਗਿਆ ਸੀ ਕਿ "ਪ੍ਰਭਾਵ ਦਿਖਾਉਣਾ ਇੱਕ ਕਲਾ ਹੋ ਸਕਦੀ ਹੈ, ਪਰ ਪ੍ਰਭਾਵ ਰੱਖਣਾ ਇੱਕ ਰੂਹਾਨੀ ਸ਼ਕਤੀ ਹੈ।" ਉਸਨੇ ਆਪਣੀ ਸਾਦਗੀ ਨੂੰ ਹੀ ਆਪਣੀ ਤਾਕਤ ਬਣਾ ਲਿਆ। ਉਸਨੂੰ ਪਤਾ ਲੱਗ ਗਿਆ ਕਿ ਜੇ ਰੱਬ ਤੁਹਾਡੀ ਨੀਅਤ ਤੋਂ ਖੁਸ਼ ਹੈ, ਤਾਂ ਦੁਨੀਆ ਦੀ ਨਾਰਾਜ਼ਗੀ ਸਿਰਫ਼ ਇੱਕ ਮਿੱਟੀ ਦੀ ਧੂੜ ਹੈ ਜੋ ਸਮੇਂ ਦੇ ਨਾਲ ਉੱਡ ਜਾਵੇਗੀ।

ਫਲਸਫਾਨਾ ਨੁਕਤਾ:

"ਜੋ ਅੰਦਰੋਂ ਅਮੀਰ ਹੁੰਦੇ ਹਨ, ਉਨ੍ਹਾਂ ਨੂੰ ਬਾਹਰੋਂ ਸੋਨਾ ਟੰਗਣ ਦੀ ਲੋੜ ਨਹੀਂ ਪੈਂਦੀ। ਸੱਚੀ ਖੁਸ਼ੀ ਇਸ ਵਿੱਚ ਨਹੀਂ ਕਿ ਦੁਨੀਆ ਤੁਹਾਨੂੰ ਕੀ ਸਮਝਦੀ ਹੈ, ਸਗੋਂ ਇਸ ਵਿੱਚ ਹੈ ਕਿ ਜਦੋਂ ਤੁਸੀਂ ਰਾਤ ਨੂੰ ਅੱਖਾਂ ਬੰਦ ਕਰੋ, ਤਾਂ ਤੁਹਾਡਾ ਅੰਦਰਲਾ ਰੱਬ ਤੁਹਾਨੂੰ ਮੁਸਕਰਾ ਕੇ ਮਿਲੇ।"

ਸਮਾਪਤੀ

"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ- ਅੰਗ 8)

ਅਸਲੀ ਨੇਕੀ ਉਹ ਹੈ, ਜੋ ਬਿਨਾਂ ਦਿਖਾਵੇ ਦੇ, ਬਿਨਾਂ ਸ਼ੋਰ ਦੇ, ਆਪਣਾ ਕਰਤਵ ਨਿਭਾ ਕੇ ਅੱਗੇ ਵੱਧ ਜਾਂਦੀ ਹੈ। ਜਿਹੜੇ ਲੋਕ ਅੰਦਰੋਂ ਸੱਚ ਨਾਲ ਜੁੜੇ ਰਹਿੰਦੇ ਹਨ, ਉਹੀ ਆਖ਼ਰਕਾਰ ਰੌਸ਼ਨ ਮੱਥਿਆਂ ਵਾਲੇ ਬਣਦੇ ਹਨ- ਭਾਵੇਂ ਦੁਨੀਆ ਉਨ੍ਹਾਂ ਨੂੰ ਦੇਰ ਨਾਲ ਪਛਾਣੇ ਜਾਂ ਬਿਲਕੁਲ ਨਾ ਪਛਾਣੇ। ਕਿਉਂਕਿ ਜਿੱਥੇ ਨੀਅਤ ਸਾਫ਼ ਹੋਵੇ, ਉੱਥੇ ਰੱਬ ਆਪ ਗਵਾਹ ਬਣਦਾ ਹੈ।

-ਗੁਰਦੇਵ ਸਿੰਘ ਬਠਿੰਡਾ
ਮੋਬ : 9316949649

# ਦਿਲ ਦੀ ਚੰਗੀ ਕਾਰਜਪ੍ਰਣਾਲੀ ਸਮੁੱਚੀ ਸਿਹਤ ਲਈ ਕਿਉਂ ਜਰੂਰੀ ਹੈ ?

ਦਿਲ ਦਾ ਮੁੱਖ ਕੰਮ ਸਰੀਰ ਵਿੱਚ ਖੂਨ ਪੰਪ ਕਰਨਾ ਹੈ ਅਤੇ ਇਸਦੀ ਮਹੱਤਤਾ ਆਮ ਤੌਰ 'ਤੇ ਉਸ ਵੇਲੇ ਹੀ ਸਮਝੀ ਜਾਂਦੀ ਹੈ ਜਦੋਂ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਅੱਜਕਲ ਦੁਨੀਆ ਭਰ ਦੇ ਡਾਕਟਰ ਇਸ ਗੱਲ ਤੇ ਜ਼ੋਰ ਦੇ ਰਹੇ ਹਨ ਕਿ ਦਿਲ ਦੀ ਸਿਹਤ ਸਿਰਫ ਦਿਲ ਦੇ ਰੋਗਾਂ ਦੀ ਰੋਕਥਾਮ ਲਈ ਨਹੀਂ ਬਲਕਿ ਸਮੁੱਚੇ ਸਰੀਰ ਦੀ ਸਿਹਤ ਅਤੇ ਖੁਸ਼ਹਾਲੀ ਲਈ ਬਹੁਤ ਜਰੂਰੀ ਹੈ। ਦਿਲ ਦੀ ਬਿਮਾਰੀ ਦੁਨੀਆ ਭਰ ਵਿੱਚ ਮੌਤ ਦਾ ਇੱਕ ਪ੍ਰਮੁੱਖ ਕਾਰਨ ਬਣ ਰਹੀ ਹੈ। ਆਧੁਨਿਕ ਭੌਤਿਕਵਾਦੀ ਸੰਸਾਰ ਵਿੱਚ ਵੱਧ ਰਹੇ ਦਬਾਅ ਦੇ ਨਾਲ ਇਹ ਸਮਝਣਾ ਬਹੁਤ ਜਰੂਰੀ ਹੈ ਕਿ ਮਨੁੱਖੀ ਸਿਹਤ ਅਤੇ ਦਿਲ ਦੀ ਸਿਹਤ ਵਿਚਕਾਰ ਕਿਵੇਂ ਸੰਬੰਧ ਹੈ।



**ਦਿਲ ਦੀ ਸਮੁੱਚੀ ਸਿਹਤ ਵਿੱਚ ਭੂਮਿਕਾ**-ਦਿਲ ਸਰੀਰ ਦਾ ਇੰਜਣ ਹੈ ਜੋ ਸਾਰੇ ਅੰਗਾਂ ਅਤੇ ਕਾਰਜ ਪ੍ਰਣਾਲੀਆਂ ਨੂੰ ਰੁਕਾਵਟ ਰਹਿਤ ਆਕਸੀਜਨ-ਭਰਿਆ ਖੂਨ ਪੰਪ ਕਰਦਾ ਹੈ। ਇਹ ਮਹੱਤਵਪੂਰਕ ਅੰਗ ਸਰੀਰ ਦੇ ਸੁਚਾਰੂ ਕਾਰਜਾਂ ਵਿੱਚ ਇੱਕ ਮੁੱਖ ਭੂਮਿਕਾ ਨਿਭਾਉਂਦਾ ਹੈ ਜੋ ਕਿ ਹੇਠ ਲਿਖੇ ਹਨ:

**ਆਕਸੀਜ਼ਨ ਦੀ ਪੂਰਤੀ**: ਦਿਲ ਫੇਫੜਿਆਂ ਤੋਂ ਆਕਸੀਜ਼ਨ ਯੁਕਤ ਖੂਨ ਨੂੰ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿੱਚ ਪੰਪ ਕਰਦਾ ਹੈ ਜਿਸ ਨਾਲ ਕੋਸ਼ਿਕਾਵਾਂ ਨੂੰ ਸਾਹ ਲੈਣ ਅਤੇ ਊਰਜਾ ਉਤਪਾਦਨ ਵਿੱਚ ਮਦਦ ਮਿਲਦੀ ਹੈ।

**ਪੋਸ਼ਣ ਦੀ ਵੰਡ**: ਆਕਸੀਜ਼ਨ ਦੇ ਨਾਲ ਦਿਲ ਖੁਰਾਕ ਤੋਂ ਸੋਖੇ ਗਏ ਜ਼ਰੂਰੀ ਪੋਸ਼ਣਾਂ ਨੂੰ ਵੀ ਵੰਡਦਾ ਹੈ ਜੋ ਸਰੀਰ ਦੇ ਅੰਗਾਂ ਦੇ ਵਿਕਾਸ, ਮੁਰੰਮਤ ਅਤੇ ਰੱਖ-ਰਖਾਅ ਵਿੱਚ ਮਦਦ ਕਰਦਾ ਹੈ।

**ਹਾਰਮੋਨਲ ਸਤੁੰਲਨ**: ਸਰਕੁਲੇਟਰੀ ਸਿਸਟਮ ਉਹ ਹਾਰਮੋਨ ਲੈ ਜਾਂਦਾ ਹੈ ਜੋ ਮੈਟਾਬੋਲਿਜ਼ਮ, ਦਬਾਅ ਦੀ ਪ੍ਰਤੀਕਿਰਿਆ ਅਤੇ ਹੋਰ ਮਹੱਤਵਪੂਰਕ ਕਾਰਜਾਂ ਨੂੰ ਨਿਯੰਤਰਿਤ ਕਰਦੇ ਹਨ ਜੋ ਮੂਡ ਤੋਂ ਲੈ ਕੇ ਵਜ਼ਨ ਪ੍ਰਬੰਧਨ ਤੱਕ ਸਭ ਕੁਝ ਨੂੰ ਪ੍ਰਭਾਵਿਤ ਕਰਦੇ ਹਨ।

**ਗੰਦਗੀ ਹਟਾਉਣਾ**: ਖੂਨ ਦਾ ਪ੍ਰਵਾਹ ਕੋਸ਼ਿਕਾਵਾਂ ਤੋਂ ਮੈਟਾਬੋਲਿਕ ਗੰਦਗੀ ਯੁਕਤ ਉਤਪਾਦਾਂ ਨੂੰ ਹਟਾਉਣ ਵਿੱਚ ਮਦਦ ਕਰਦਾ ਹੈ, ਜੋ ਜ਼ਿਗਰ ਅਤੇ ਗੁਰਦੇ ਵਰਗੇ ਅੰਗਾਂ ਦੁਆਰਾ ਕੀਤੇ ਜਾਣ ਵਾਲੇ ਡੀਟਾਕਸੀਫਿਕੇਸ਼ਨ ਪ੍ਰਕਿਰਿਆਵਾਂ ਦਾ ਸਮਰਥਨ ਕਰਦਾ ਹੈ।

**ਖਰਾਬ ਦਿਲ ਦੀ ਸਿਹਤ ਦਾ ਰਿਪਲ ਪ੍ਰਭਾਵ**-ਜਦੋਂ ਦਿਲ ਦੀ ਸਿਹਤ ਹਾਈਪਰਟੈਂਸ਼ਨ, ਉੱਚ ਕੋਲੈਸਟਰੋਲ ਜਾਂ ਕੋਰੋਨਰੀ ਆਰਟੀਰੀ ਬਿਮਾਰੀਆਂ ਕਾਰਨ ਖਰਾਬ ਹੁੰਦੀ ਹੈ ਤਾਂ ਇਸਦੇ ਨਤੀਜ਼ੇ ਦਿਲ ਦੀ ਸਰਕਿਊਲੇਟਰੀ ਸਿਸਟਮ ਤੱਕ ਹੀ ਸੀਮਿਤ ਨਹੀਂ ਰਹਿੰਦੇ। ਹੇਠਾਂ ਕੁਝ ਤਰੀਕੇ ਦਿੱਤੇ ਗਏ ਹਨ ਜਿਨ੍ਹਾਂ ਨਾਲ ਖਰਾਬ ਦਿਲ ਦੀ ਸਿਹਤ ਕੁੱਲ ਖੁਸ਼ਹਾਲੀ ਨੂੰ ਪ੍ਰਭਾਵਿਤ ਕਰ ਸਕਦੀ ਹੈ:

ਦਿਲ ਦੀ ਸਿਹਤ ਦੇ ਖ਼ਤਰੇ ਅਤੇ ਉਨਾਂ ਦੇ ਪ੍ਰਭਾਵ

ਦਿਲ ਦੀ ਸਿਹਤ ਦਾ ਖਤਰਾ:

**ਲੰਬੇ ਸਮੇਂ ਦੀਆਂ ਬਿਮਾਰੀਆਂ ਕਾਰਨ ਖਤਰਾ**: ਵੱਖ-ਵੱਖ ਮੈਡੀਕਲ ਰਿਸਰਚ ਦਿਖਾਉਂਦੀ ਹੈ ਕਿ ਦਿਲ ਦੀਆਂ ਬਿਮਾਰੀਆਂ ਵਾਲੇ ਲੋਕਾਂ ਵਿੱਚ ਸ਼ੂਗਰ, ਗੁਰਦੇ ਦੀ ਬਿਮਾਰੀ ਅਤੇ ਕੁਝ ਕਿਸਮ ਦੇ ਕੈਂਸਰ ਆਦਿ ਹੋਰ ਲੰਬੇ ਸਮੇਂ ਦੀਆਂ ਬਿਮਾਰੀਆਂ ਦਾ ਖ਼ਤਰਾ ਵੱਧਦਾ ਹੈ। ਕਾਰਡਿਓਵਾਸਕੂਲਰ ਸਮੱਸਿਆਵਾਂ ਨਾਲ ਜੁੜੀਆਂ ਸੋਜਸ਼ੀ ਪ੍ਰਕਿਰਿਆਵਾਂ ਇਨ੍ਹਾਂ ਬਿਮਾਰੀਆਂ ਵਿੱਚ ਯੋਗਦਾਨ ਪਾ ਸਕਦੀਆਂ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

**ਸਮਝਣ ਦੀ ਯੋਗਤਾ ਵਿੱਚ ਘਟੋਤਰੀ**: ਅਧਿਐਨ ਦਿਖਾਉਂਦੇ ਹਨ ਕਿ ਕਾਰਡਿਓਵਾਸਕੂਲਰ ਸਿਹਤ ਅਤੇ ਸਮਝਣ ਦੀ ਯੋਗਤਾ ਵਿਚਕਾਰ ਇੱਕ ਸੰਬੰਧ ਹੈ। ਦਿਮਾਗ ਨੂੰ ਖੂਨ ਦੀ ਘੱਟ ਵੰਡ ਸਮਝਣ ਦੀ ਯੋਗਤਾ ਵਿੱਚ ਘਟੋਤਰੀ ਕਰ ਸਕਦੀ ਹੈ ਅਤੇ ਡਿਮੇਸ਼ੀਆ ਦਾ ਖਤਰਾ ਵੱਧਾ ਸਕਦੀ ਹੈ। ਸਿਹਤਮੰਦ ਦਿਲ ਨੂੰ ਬਣਾਈ ਰੱਖਣਾ ਦਿਲ ਦੀ ਸਿਹਤ ਨੂੰ ਸੁਰੱਖਿਅਤ ਕਰ ਸਕਦਾ ਹੈ ਜੋ ਲੰਬੀ ਅਤੇ ਸਿਹਤਮੰਦ ਜ਼ਿੰਦਗੀ ਲਈ ਜਰੂਰੀ ਹੈ।

**ਮਨੋਵਿਗਿਆਨਿਕ ਸਮੱਸਿਆਵਾਂ**: ਦਿਲ ਦੀ ਸਿਹਤ ਅਤੇ ਮਾਨਸਿਕ ਸਿਹਤ ਵਿਚਕਾਰ ਇੱਕ ਮਹੱਤਵਪੂਰਕ ਸੰਬੰਧ ਹੈ। ਦਿਲ ਦੀ ਬਿਮਾਰੀ ਵਾਲੇ ਲੋਕਾਂ ਵਿੱਚ ਚਿੰਤਾ,ਡਰ ਅਤੇ ਬੇਚੈਨੀ ਦੇ ਮਾਮਲੇ ਵੱਧ ਹੁੰਦੇ ਹਨ। ਇਸ ਦੇ ਵਿਰੁੱਧ ਦਬਾਅ ਅਤੇ ਗੈ.ਰ-ਸਿਹਤਮੰਦ ਮਾਨਸਿਕ ਸਿਹਤ ਦਿਲ ਦੇ ਕਾਰਜ ਨੂੰ ਨਕਾਰਾਤਮਕ ਰੂਪ ਵਿੱਚ ਪ੍ਰਭਾਵਿਤ ਕਰ ਸਕਦੀ ਹੈ।

**ਭੌਤਿਕ ਸਮਰੱਥਾ ਵਿੱਚ ਘਟੋਤਰੀ**: ਇੱਕ ਸਿਹਤਮੰਦ ਦਿਲ ਭੌਤਿਕ ਸਹਿਣਸ਼ੀਲਤਾ ਅਤੇ ਤਾਕਤ ਨੂੰ ਵੱਧਾਉਂਦਾ ਹੈ। ਖਰਾਬ ਕਾਰਡਿਓਵਾਸਕੂਲਰ ਸਿਹਤ ਥਕਾਵਟ, ਊਰਜਾ ਵਿੱਚ ਘਟੋਤਰੀ ਅਤੇ ਹਿਲਣ-ਡੁਲਣ ਵਿੱਚ ਸੀਮਿਤਤਾ ਦਾ ਕਾਰਨ ਬਣ ਸਕਦੀ ਹੈ ਜੋ ਰੋਜ਼ਾਨਾ ਦੇ ਕੰਮਾਂ ਅਤੇ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੀ ਹੈ।

**ਦਿਲ ਦੀ ਸਿਹਤ ਨੂੰ ਉਤਸ਼ਾਹਿਤ ਕਰਨ ਲਈ ਸਧਾਰਨ ਕਦਮ**-ਮੈਡੀਕਲ ਰਿਸਰਚ ਨੇ ਦੱਸਿਆ ਹੈ ਦਿਲ ਦੀ ਸਿਹਤ ਸਮੁੱਚੀ ਸਿਹਤ 'ਤੇ ਪ੍ਰਭਾਵ ਪਾਉਂਦੀ ਹੈ ਇਸ ਲਈ ਕਾਰਡਿਓਵਾਸਕੂਲਰ ਫਿਟਨੈੱਸ ਨੂੰ ਪ੍ਰਾਥਮਿਕਤਾ ਦੇਣਾ ਜਰੂਰੀ ਹੈ। ਇੱਥੇ ਕੁਝ ਕਾਰਗਰ ਕਦਮ ਹਨ ਜਿਨ੍ਹਾਂ ਨੂੰ ਵਿਅਕਤੀ ਦਿਲ ਦੀ ਸਿਹਤ ਨੂੰ ਉਤਸ਼ਾਹਿਤ ਕਰਨ ਲਈ ਅਪਣਾ ਸਕਦੇ ਹਨ:

**ਦਿਲ-ਸਿਹਤਮੰਦ ਆਹਾਰ ਅਪਣਾਓ**: ਆਪਣੇ ਆਹਾਰ ਵਿੱਚ ਫਲ, ਸਬਜ਼ੀਆਂ, ਮੋਟੇ ਅਨਾਜ਼, ਪ੍ਰੋਟੀਨ ਅਤੇ ਸਿਹਤਮੰਦ ਚਰਬੀਆਂ ਸ਼ਾਮਲ ਕਰੋ। ਖੰਡ, ਨਮਕ ਅਤੇ ਗੈਰ-ਸਿਹਤਮੰਦ ਚਰਬੀਆਂ ਵਾਲੇ ਪ੍ਰੋਸੈਸਡ ਫੂਡਾਂ ਨੂੰ ਸੀਮਿਤ ਕਰੋ।

**ਸਰਗਰਮੀ ਰੱਖੋ**: ਨਿਯਮਿਤ ਭੌਤਿਕ ਸਰਗਰਮੀ ਦਿਲ ਦੇ ਪੇਸ਼ੀ ਨੂੰ ਮਜ਼ਬੂਤ ਕਰਦੀ ਹੈ ਅਤੇ ਸਰਕੂਲੇਸ਼ਨ ਨੂੰ ਸੁਧਾਰਦੀ ਹੈ। ਹਫ਼ਤੇ ਵਿੱਚ ਘੱਟੋ-ਘੱਟ 150 ਮਿੰਟ ਦੇ ਐਰੋਬਿਕ ਐਕਸਰਸਾਈਜ਼ ਕਰਨ ਦਾ ਟੀਚਾ ਰੱਖੋ ਜਿਵੇਂ ਕਿ ਤੇਜ਼ ਚੱਲਣਾ ਜਾਂ ਸਾਈਕਲਿੰਗ।

**ਦਬਾਅ ਪ੍ਰਬੰਧਨ**: ਲੰਬੇ ਸਮੇਂ ਦਾ ਦਬਾਅ ਦਿਲ ਦੀ ਸਿਹਤ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦਾ ਹੈ। ਮਾਇੰਡਫੁਲਨੈੱਸ ਧਿਆਨ, ਯੋਗ ਅਤੇ ਡੀਪ ਬ੍ਰੀਥਿੰਗ ਐਕਸਰਸਾਈਜ਼ ਵਰਗੀਆਂ ਪ੍ਰਥਾਵਾਂ ਨਾਲ ਦਬਾਅ ਦੀਆਂ ਪੱਧਰਾਂ ਨੂੰ ਪ੍ਰਬੰਧਿਤ ਕੀਤਾ ਜਾ ਸਕਦਾ ਹੈ।

ਸਿਗਰਟਨੋਸ਼ੀ ਤੋਂ ਬਚੋ ਅਤੇ ਸ਼ਰਾਬ ਸੀਮਿਤ ਕਰੋ: ਸਿਗਰਟਨੋਸ਼ੀ ਦਿਲ ਦੀਆਂ ਬਿਮਾਰੀਆਂ ਦੇ ਖਤਰਿਆਂ ਨੂੰ ਮਹੱਤਵਪੂਰਕ ਤੌਰ 'ਤੇ ਵਧਾਉਂਦੀ ਹੈ। ਸ਼ਰਾਬ ਦੇ ਉਪਯੋਗ ਨੂੰ ਨਿਰਧਾਰਿਤ ਪੱਧਰਾਂ ਤੱਕ ਸੀਮਿਤ ਕਰਨਾ ਵੀ ਦਿਲ ਦੀ ਸਿਹਤ ਨੂੰ ਸੁਰੱਖਿਅਤ ਕਰ ਸਕਦਾ ਹੈ।

**ਨਿਯਮਿਤ ਸਿਹਤ ਜਾਂਚ**: ਸਿਹਤ ਸੰਭਾਲ ਕਰਨ ਵਾਲਿਆਂ ਨਾਲ ਨਿਯਮਿਤ ਜਾਂਚ ਦਬਾਅ, ਕੋਲੇਸਟਰੋਲ ਦੇ ਪੱਧਰ ਅਤੇ ਦਿਲ ਦੀ ਸਿਹਤ ਨਾਲ ਸੰਬੰਧਿਤ ਹੋਰ ਜ਼ਰੂਰੀ ਸੰਕੇਤਾਂ ਦੀ ਨਿਗਰਾਨੀ ਕਰਨ ਵਿੱਚ ਮਦਦ ਕਰ ਸਕਦੀ ਹੈ।

**ਸਮਾਜਿਕ ਪਹਿਲਕਦਮੀਆਂ: ਜਾਗਰੂਕਤਾ ਵਧਾਉਣਾ**-ਦਿਲ ਦੀ ਸਿਹਤ ਦੇ ਮਹੱਤਵ ਨੂੰ ਮਨਜ਼ੂਰ ਕਰਦੇ ਹੋਏ ਕਈ ਸੰਸਥਾਵਾਂ ਜਾਗਰੂਕਤਾ ਵਧਾਉਣ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਪਹਿਲਕਦਮੀਆਂ ਸ਼ੁਰੂ ਕਰ ਰਹੇ ਹਨ। ਮੁਫ਼ਤ ਬਲੱਡ ਪ੍ਰੈਸ਼ਰ ਅਤੇ ਕੋਲੇਸਟਰੋਲ ਲੈਵਲ ਦੀ ਜਾਂਚ ਕਰਨ ਵਾਲੇ ਸਿਹਤ ਕੈਂਪ, ਪੋਸ਼ਣ ਅਤੇ ਐਕਸਰਸਾਈਜ਼ 'ਤੇ ਸਿੱਖਿਆ ਵਰਕਸ਼ਾਪਾਂ ਅਤੇ ਸਮਾਜਿਕ ਫਿਟਨੈੱਸ ਸਮਾਗਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਵੱਖ-ਵੱਖ ਸਰਕਾਰੀ ਸੰਸਥਾਵਾਂ ਅਤੇ ਸੂਬਾ ਸਿਹਤ ਵਿਭਾਗ ਇਸ ਯਤਨਾਂ ਦਾ ਆਗੂ ਬਣ ਰਹੇ ਹਨ ਤਾਂ ਕਿ ਵਿਅਕਤੀ ਨੂੰ ਦਿਲ ਦੀ ਸਿਹਤ ਦੇ ਸਮੁੱਚੇ ਸੁਖ-ਸਮਾਧਾਨ ਵਿੱਚ ਮਹੱਤਵਪੂਰਕ ਭੂਮਿਕਾ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਦਿਲ ਦੀ ਸਿਹਤ ਸਿਰਫ ਬਿਮਾਰੀ ਦੀ ਰੋਕਥਾਮ ਬਾਰੇ ਨਹੀਂ ਹੈ ਬਲਕਿ ਇਹ ਕੁੱਲ ਸਰੀਰ ਦੀ ਸਿਹਤ ਅਤੇ ਜੀਵਨ ਦੀ ਗੁਣਵੱਤਾ ਨੂੰ ਬਣਾਈ ਰੱਖਣ ਲਈ ਅਹਿਮ ਹੈ। ਸਿਹਤਮੰਦ ਜੀਵਨ ਸ਼ੈਲੀ ਦੇ ਆਦਾਨ-ਪ੍ਰਦਾਨ ਕਰਕੇ ਅਤੇ ਕਾਰਡਿਓਵਾਸਕੂਲਰ ਸੁਖ-ਸਮਾਧਾਨ 'ਤੇ ਪ੍ਰਾਥਮਿਕਤਾ ਦੇ ਕੇ ਵਿਅਕਤੀ ਆਪਣੇ ਸਰੀਰ ਨੂੰ ਮਹੱਤਵਪੂਰਕ ਤੌਰ 'ਤੇ ਸੁਧਾਰ ਸਕਦੇ ਹਨ ਅਤੇ ਲੰਬੇ ਸਮੇਂ ਦੀਆਂ ਬਿਮਾਰੀਆਂ ਦੇ ਖਤਰਿਆਂ ਨੂੰ ਘਟਾ ਸਕਦੇ ਹਨ।

-ਡਾ. ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ

# ਨਾਂਦੇੜ ਵਿਖੇ ਦੋ ਦਿਨਾਂ ਧਾਰਮਿਕ ਸਮਾਗਮ





**ਚੌਕ ਮਹਿਤਾ, 16 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹੱਕ ਤੇ ਸੱਚ ਦੀ ਖਾਤਿਰ ਧਰਮ ਲਈ ਸੀਸ ਨਿਸ਼ਾਵਰ ਕਰਨ ਵਾਲੇ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਧਾਰਮਿਕ ਸਮਾਗਮ 24 ਜਨਵਰੀ ਦਿਨ ਸ਼ਨੀਵਾਰ ਤੇ 25 ਜਨਵਰੀ ਦਿਨ ਐਤਵਾਰ ਨੂੰ ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਂਰਾਸ਼ਟਰ) ਵਿਖੇ ਪੂਰੀ ਸ਼ਰਧਾ ਭਾਵਨਾ ਤੇ ਉਤਸ਼ਾਹ ਪੂਰਵਕ ਮਨਾਏ ਜਾ ਰਹੇ ਹਨ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦੇ ਵੱਡੇ ਸਹਿਯੋਗ ਸਦਕਾ ਦਮਦਮੀ ਟਕਸਾਲ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਬੋਰਡ ਦੀ ਅਗਵਾਈ ਹੇਠ ਮਨਾਏ ਜਾ ਰਹੇ ਇੰਨ੍ਹਾਂ ਦੋ ਦਿਨਾਂ ਸ਼ਤਾਬਦੀ ਸਮਾਗਮਾਂ 'ਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਵੱਧ ਚੜ੍ਹ ਕੇ ਪੁੱਜਣ ਦਾ ਸੱਦਾ ਦਿੰਦੇ ਹੋਏ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਚੇਅਰਮੈਨ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਮਹਾਂਰਾਸ਼ਟਰ ਸਰਕਾਰ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸੰਤ ਗਿ.ਕੁਲਵੰਤ ਸਿੰਘ ਨੇ ਕਿਹਾ ਕਿ ਰਾਜ ਪੱਧਰੀ ਹੋ ਰਹੇ ਇਹ ਧਾਰਮਿਕ ਸਮਾਗਮ ਬਹੁਤ ਵਿਸ਼ਾਲ ਪੱਧਰ 'ਤੇ ਮਨਾਏ ਜਾਣਗੇ ਤੇ ਨੌਵੀਂ ਪਾਤਸ਼ਾਹੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਇੰਨ੍ਹਾਂ ਸ਼ਤਾਬਦੀ ਸਮਾਗਮਾਂ ਦੌਰਾਨ ਪੰਥ ਪ੍ਰਸਿੱਧ ਉੱਘੇ ਕੀਰਤਨੀਏ ਭਾਈ ਚਮਨਦੀਪ ਸਿੰਘ ਦਿੱਲੀ ਵਾਲੇ ਤੇ ਭਾਈ ਚਰਨਜੀਤ ਸਿੰਘ ਹੀਰਾ, ਸਿੱਖ ਪ੍ਰਚਾਰਕ ਬਾਬਾ ਬੰਤਾ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ,ਭਾਈ ਕੁਲਦੀਪ ਸਿੰਘ ,ਭਾਈ ਬਲਜੀਤ ਸਿੰਘ, ਸੱਚਖੰਡ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੁਰਜੀਤ ਸਿੰਘ ਖਾਲਸਾ ,ਭਾਈ ਤੇਜਵਿੰਦਰ ਸਿੰਘ ਤੇ ਭਾਈ ਤੇਜਵੰਤ ਸਿੰਘ ਤੋਂ ਇਲਾਵਾ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਗੁਰਲਾਲ ਸਿੰਘ ਆਪਣੇ ਜਥਿਆ ਸਮੇਤ ਹਾਜ਼ਰੀ ਭਰਨਗੇ ।ਇਸਦੇ ਨਾਲ ਬਹੁਤ ਸਾਰੀਆਂ ਪੰਥਕ ਸ਼ਖਸ਼ੀਅਤਾਂ,ਸੰਤ ਮਹਾਂਪੁਰਸ਼,ਪੰਥਕ ਵਿਦਵਾਨਾਂ ਤੋਂ ਇਲਾਵਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ,ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ,ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਦੇਸ਼ ਵਿਦੇਸ਼ ਤੋਂ ਹੋਰ ਵੱਡੀ ਗਿਣਤੀ 'ਚ ਧਾਰਮਿਕ,ਰਾਜਨੀਤਿਕ ਤੇ ਸਮਾਜਿਕ ਸ਼ਖਸ਼ੀਅਤਾਂ ਇੰਨ੍ਹਾਂ ਸਮਾਗਮਾਂ 'ਚ ਸ਼ਾਮਿਲ ਹੋਣਗੀਆਂ ।ਇਸਦੇ ਨਾਲ ਹੀ ਉਨ੍ਹਾਂ ਕੇਂਦਰ ਤੇ ਸੂਬੇ ਦੀਆਂ ਸਰਕਾਰਾਂ ਨੂੰ ਵੀ ਬੇਨਤੀ ਕੀਤੀ ਕਿ ਇੰਨ੍ਹਾਂ ਦੋ ਦਿਨ੍ਹਾਂ ਸ਼ਤਾਬਦੀ ਸਮਾਗਮਾਂ ਦੌਰਾਨ ਸੰਗਤਾਂ ਦੇ ਆਉਣ-ਜਾਣ ਲਈ ਉਚਿੱਤ ਪ੍ਰਬੰਧ ਕੀਤੇ ਜਾਣ ਤੇ ਯਾਤਰਾ ਨੂੰ ਆਸਾਨ ਤੇ ਸੌਖਾਲਾ ਬਣਾਉਣ ਲਈ ਵੱਧ ਤੋਂ ਵੱਧ ਹਵਾਈ ਜ਼ਹਾਜ਼,ਟ੍ਰੇਨਾਂ ਤੇ ਬੱਸਾਂ ਦੀ ਸੁਵਿਧਾ ਦਿੱਤੀ ਜਾਵੇ ਤਾਂ ਜੋ ਸੰਗਤਾਂ ਬਿੰਨ੍ਹਾਂ ਕਿਸੇ ਖੱਜਲ ਖੁਆਰੀ ਦੇ ਇੰਨ੍ਹਾਂ ਸਮਾਗਮਾਂ 'ਚ ਸ਼ਾਮਿਲ ਹੋ ਕੇ ਸ਼ਤਾਬਦੀ ਸਮਾਗਮਾਂ ਦਾ ਲਾਹਾ ਲੈ ਸਕਣ ।ਦੋਨਾਂ ਸ਼ਖਸ਼ੀਅਤਾਂ ਨੇ ਸਮੂਹ ਨਾਮ ਲੇਵਾ ਸੰਗਤਾਂ ਨੂੰ ਅਪੀਲ਼ ਕਰਦੇ ਹੋਏ ਕਿਹਾ ਕਿ ਸਮਾਗਮ ਦੌਰਾਨ ਸੰਗਤਾਂ ਲਈ ਰਹਿਣ-ਸਹਿਣ ਤੇ ਲੰਗਰਾਂ ਦਾ ਖੁੱਲ੍ਹਾਂ ਪ੍ਰਬੰਧ ਕੀਤਾ ਗਿਆ ਹੈ ਤੇ ਆਵਾਜਾਈ ਲਈ ਹਰ ਸੁਵਿਧਾ ਉਪਲੱਬਧ ਹੈ ।ਇਸ ਲਈ ਸਮੂਹ ਸੰਗਤਾਂ ਹੁੰਮ ਹੁੰਮਾ ਕੇ ਵੱਡੀ ਗਿਣਤੀ 'ਚ ਸ੍ਰੀ ਹਜ਼ੂਰ ਸਾਹਿਬ ਪਹੁੰਚਣ ਤੇ ਸ਼ਤਾਬਦੀ ਸਮਾਗਮਾਂ 'ਚ ਭਾਗ ਲੈ ਕੇ ਗੁਰੂ ਸਾਹਿਬ ਦੀ ਅਮੁੱਲੀ ਸ਼ਹਾਦਤ ਨੂੰ ਆਪਣਾ ਨਮਨ ਸਿਜਦਾ ਜ਼ਰੂਰ ਕਰਨ।

### ਬਾਬਾ ਹਰਨਾਮ ਸਿੰਘ ਖਾਲਸਾ ਤੇ ਜਥੇਦਾਰ ਕੁਲਵੰਤ ਸਿੰਘ ਨੇ ਸੰਗਤਾਂ ਨੂੰ ਵੱਧ ਚੜ੍ਹ ਕੇ ਸ੍ਰੀ ਹਜ਼ੂਰ ਸਾਹਿਬ ਪੁੱਜਣ ਦਾ ਦਿੱਤਾ ਸੱਦਾ

ਭਾਜਪਾ ਰਾਸ਼ਟਰੀ ਮਜ਼ਦੂਰ ਸੈਲ ਦੀ ਪਰਿਵਰਤਨ ਰੈਲੀ

# ਕੇਂਦਰ ਦੀਆਂ ਯੋਜਨਾਵਾਂ ਦੀ ਸਾਂਝੀ ਕੀਤੀ ਜਾਣਕਾਰੀ



ਫ਼ਿਰੋਜ਼ਪੁਰ, 16 ਜਨਵਰੀ (ਮਨੋਹਰ ਲਾਲ) :– ਫਿਰੋਜ਼ਪੁਰ ਛਾਵਨੀ ਦੇ ਇਕ ਨਿੱਜੀ ਰਿਸੋਰਟ ਵਿੱਚ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਮਜ਼ਦੂਰ ਸੈਲ ਵੱਲੋਂ ਪਰਿਵਰਤਨ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਵਿੱਚ ਵੱਡੀ ਗਿਣਤੀ ਮਜ਼ਦੂਰ ਵਰਗ, ਪਾਰਟੀ ਕਾਰਕੁਨ ਅਤੇ ਸਥਾਨਕ ਆਗੂ ਸ਼ਾਮਲ ਹੋਏ। ਰੈਲੀ ਦਾ ਮੁੱਖ ਮਕਸਦ ਕੇਂਦਰ ਸਰਕਾਰ ਦੀਆਂ ਮਜ਼ਦੂਰ ਹਿਤੈਸ਼ੀ ਯੋਜਨਾਵਾਂ ਬਾਰੇ ਜਾਣਕਾਰੀ ਦੇਣਾ ਅਤੇ ਵਿਰੋਧੀ ਧਿਰ ਵੱਲੋਂ ਫੈਲਾਏ ਜਾ ਰਹੇ ਭਰਮਾਂ ਨੂੰ ਦੂਰ ਕਰਨਾ ਸੀ।

ਰੈਲੀ ਨੂੰ ਸੰਬੋਧਨ ਕਰਦਿਆਂ ਰਾਸ਼ਟਰੀ ਮਜ਼ਦੂਰ ਸੈਲ ਦੇ ਚੇਅਰਮੈਨ ਡਾ: ਬਿਸ਼ਵਪ੍ਰਿਯੋ ਰਾਏ ਚੌਧਰੀ ਨੇ ਕਿਹਾ ਕਿ ਕੇਂਦਰ ਸਰਕਾਰ ਮਜ਼ਦੂਰ ਵਰਗ ਦੀ ਭਲਾਈ ਲਈ ਲਗਾਤਾਰ ਪ੍ਰਭਾਵਸ਼ਾਲੀ ਕਦਮ ਚੁੱਕ ਰਹੀ ਹੈ, ਉਨ੍ਹਾਂ ਨੇ ਜੇ ਰਾਮ ਜੀ ਯੋਜਨਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਯੋਜਨਾ ਨਾਲ ਮਜ਼ਦੂਰਾਂ ਨੂੰ ਸਮਾਜਿਕ ਤੇ ਆਰਥਿਕ ਸੁਰੱਖਿਆ ਮਿਲ ਰਹੀ ਹੈ ਅਤੇ ਉਨ੍ਹਾਂ ਦਾ ਜੀਵਨ ਪੱਧਰ ਸੁਧਰ ਰਿਹਾ ਹੈ। ਰਾਸ਼ਟਰੀ ਮਜ਼ਦੂਰ ਸੈਲ ਦੇ ਰਾਸ਼ਟਰੀ ਪ੍ਰਧਾਨ ਡਾ: ਅਰਨਵ ਚੈਟਰਜੀ ਨੇ ਕਿਹਾ ਕਿ ਇਹ ਯੋਜਨਾ ਮਜ਼ਦੂਰਾਂ ਦੇ ਭਵਿੱਖ ਨੂੰ ਮਜ਼ਬੂਤ ਅਤੇ ਸੁਰੱਖਿਅਤ ਬਣਾਉਣ ਵਾਲੀ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਗਰੀਬ ਅਤੇ ਮਿਹਨਤੀ ਵਰਗ ਨੂੰ ਸਿੱਧਾ ਲਾਭ ਮਿਲ ਰਿਹਾ ਹੈ।ਉਨ੍ਹਾਂ ਵਿਰੋਧੀ ਧਿਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਯੋਜਨਾਵਾਂ ਦਾ ਵਿਰੋਧ ਸਿਰਫ਼ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਦਾ ਢੋਂਗ ਹੈ।ਇਸ ਮੌਕੇ ਸੁਖਦੇਵ ਸਿੰਘ ਸੰਧੂ ਨੂੰ ਭਾਰਤੀ ਜਨਤਾ ਪਾਰਟੀ ਮਜ਼ਦੂਰ ਸੈਲ ਦਾ ਪ੍ਰਧਾਨ ਬਣਾਏ ਜਾਣ ਦਾ ਐਲਾਨ ਕੀਤਾ ਗਿਆ। ਨਵ–ਨਿਯੁਕਤ ਪ੍ਰਧਾਨ ਸੁਖਦੇਵ ਸਿੰਘ ਸੰਧੂ ਨੇ ਕਿਹਾ ਕਿ ਉਹ ਮਜ਼ਦੂਰ ਵਰਗ ਦੀਆਂ ਸਮੱਸਿਆਵਾਂ ਨੂੰ ਪਾਰਟੀ ਅਤੇ ਸਰਕਾਰ ਤੱਕ ਪਹੁੰਚਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਰੈਲੀ ਨੂੰ ਭਾਜਪਾ ਮਜ਼ਦੂਰ ਸੈਲ ਦੇ ਰਾਸ਼ਟਰੀ ਸਕੱਤਰ ਅੰਗਰੇਜ਼ ਸਿੰਘ ਵੜਵਾਲ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਨੇ ਮਜ਼ਦੂਰ ਵਰਗ ਨੂੰ ਨਵੀਂ ਦਿਸ਼ਾ ਦਿੱਤੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਯੋਜਨਾਵਾਂ ਹੋਰ ਮਜ਼ਬੂਤ ਕੀਤੀਆਂ ਜਾਣਗੀਆਂ। ਇਸ ਮੌਕੇ ਰਾਸ਼ਟਰੀ ਉਪ ਪ੍ਰਧਾਨ ਅਰਮਾਨ ਗਾਂਗੁਲੀ ਅਤੇ ਰਾਸ਼ਟਰੀ ਯੁਵਾ ਪ੍ਰਧਾਨ ਦੀਪਕ ਸ਼ਰਮਾ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖੀ ਆਲੋਚਨਾ ਕਰਦੇ ਹੋਏ ਕਿਹਾ ਕਿ ਸੂਬੇ ਵਿੱਚ ਮਜ਼ਦੂਰਾਂ ਨਾਲ ਕੀਤੇ ਵਾਅਦੇ ਅਜੇ ਤੱਕ ਪੂਰੇ ਨਹੀਂ ਹੋਏ। ਰੈਲੀ ਦੇ ਅੰਤ ਵਿੱਚ ਨੇਤਾਵਾਂ ਨੇ ਮਜ਼ਦੂਰ ਵਰਗ ਨੂੰ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਪਰਿਵਰਤਨ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ।

### ਸੁਖਦੇਵ ਸਿੰਘ ਸੰਧੂ ਨੂੰ ਭਾਰਤੀ ਜਨਤਾ ਪਾਰਟੀ ਮਜ਼ਦੂਰ ਸੈੱਲ ਦਾ ਪ੍ਰਧਾਨ ਬਣਾਏ ਜਾਣ ਦਾ ਐਲਾਨ

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਗੁਰੂ ਤੇਗ ਬਹਾਦਰ ਸਾਹਿਬ ਜੀ ਸਬੰਧੀ ਆਤਿਸ਼ੀ ਵੱਲੋਂ ਕੀਤੀ ਸ਼ਬਦਾਂ ਦੀ ਵਰਤੋਂ ਅਤਿ-ਨਿੰਦਨਯੋਗ ਸਿੱਧੂ



ਧੂਰੀ ( ਰਣਜੀਤ ਸਿੰਘ ਪੇਧਨੀ ) ਆਮ ਆਦਮੀ ਪਾਰਟੀ ਦੀ ਆਗੂ ਅਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਬੀਬੀ ਆਤਿਸ਼ੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਰਤੇ ਗਏ ਅਪਮਾਨਜਨਕ ਸਬਦਾਂ ਦੀ ਸਖਤ ਸਬਦਾ 'ਚ ਨਿੰਦਾ ਕਰਦਿਆਂ ਉੱਘੇ ਸਮਾਜ ਸੇਵੀ, ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਪ੍ਰੋ, ਓਂਕਾਰ ਸਿੰਘ ਸਿੱਧੂ ਨੇ ਕਿਹਾ ਕਿ ਅਜਿਹੀ ਬਜਰ ਗੁਸਤਾਖੀ ਲਈ ਬੀਬੀ ਆਤਿਸਿ ਮੁਆਫ ਕਰਨ ਦੇ ਯੋਗ ਨਹੀਂ ।ਉਨ੍ਹਾਂ ਮੰਗ ਕੀਤੀ ਕਿ ਆਤਿਸ਼ੀ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ, ਤਾਂ ਕਿ ਅੱਗੇ ਤੋਂ ਕੋਈ ਵੀ ਸਿੱਖ ਗੁਰੂਆਂ ਬਾਰੇ ਕੋਈ ਗਲਤ ਟਿੱਪਣੀ ਨਾ ਕਰ ਸਕੇ । ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਮੁੱਖੀ ਸ੍ਰੀ ਅਰਵਿੰਦ ਕੇਜਰੀਵਾਲ ਸਮੇਤ ਪਾਰਟੀ ਦੇ ਆਗੂ ਸ੍ਰੀ ਸਿਸੋਦੀਆ, ਰਾਘਵ ਚੱਡਾ , ਸੱਜੇ ਸਿੰਘ ਅਤੇ ਹੋਰ ਪੰਜਾਬ ਦੇ ਖਜਾਨੇ ਦੀ ਵੱਡੇ ਪੱਧਰ 'ਕੇ ਲੁੱਟ/ਖਸੁੱਟ ਕਰ ਰਹੇ ਹਨ, ਉਥੇ ਸਰਕਾਰ ਦੇ ਹੋਰ ਸਾਧਨਾ ਦੀ ਵੀ ਦੁਰਵਰਤੋ ਕਰਕੇ ਮੰਤਰੀਆਂ ਦੀ ਕੋਠੀਆਂ 'ਤੇ ਵੀ ਕਬਜੇ ਕੀਤਾ ਹੋਇਆ ਹੈ।

## 2027 'ਚ ਬਸਪਾ ਦੀ ਸਰਕਾਰ ਬਣਾ ਕੇ ਪੰਜਾਬ ਨੂੰ ਖੁਸ਼ਹਾਲ ਬਣਾਵਾਂਗੇ -ਡਾਕਟਰ ਜਗਜੀਵਨ ਸਿੰਘ ਸ਼ੇਰਪੁਰ



ਸੇਰਪੁਰ ( ਰਣਜੀਤ ਸਿੰਘ ਪੇਧਨੀ ਬਸਪਾ ਦੇ ਸਮਾਗਮਾ ਵਿੱਚ ਹੋਏ ਭਾਰੀ ਇਕੱਠਾ' ਦੌਰਾਨ 2027 ਵਿੱਚ ਪੰਜਾਬ ਦੀ ਸੱਚਾ ਪ੍ਰਾਪਤੀ ਦਾ ਸੰਕਲਪ ਲਿਆ ਗਿਆ। 2027 ਵਿੱਚ ਬਸਪਾ ਦੀ ਸਰਕਾਰ ਬਣਾ ਕੇ ਪੰਜਾਬ ਨੂੰ 'ਖੁਸਹਾਲ ਪੰਜਾਬ ਬਣਾਇਆ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਬਰਨਾਲਾ ਦੇ ਇੰਚਾਰਜ ਡਾਕਟਰ ਜਗਜੀਵਨ ਸਿੰਘ ਸ਼ੇਰਪੁਰ ਨੇ ਕੀਤਾ। ਉਨ੍ਹਾਂ ਕਿਹਾ ਕਿ ਸਾਲ 2027 ਦੀਆਂ ਚੋਣਾਂ ਵਿੱਚ ਪੰਜਾਬ ਜਿੱਤ ਕੇ ਭੈਣ ਜੀ ਦੀ ਝੋਲੀ ਪਾਵਾਗੇ । ਮੌਜੂਦਾ ਸਰਕਾਰ ਮਾੜੀ ਕਾਨੂੰਨ ਵਿਵਸਥਾ, ਨਸ਼ਿਆ, ਬੇਰੁਜਗਾਰੀ, ਬਦਹਾਲ ਸਿਹਤ ਸਿੱਖਿਆ ਵਿਵਸਥਾ ਆਦਿ ਮਾਮਲਿਆ ਨੂੰ ਲੈ ਕੇ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋਈ ਹੈ। ਉਨ੍ਹਾਂ ਨੇ ਮਨਰੇਗਾ ਸਕੀਮ ਨੂੰ ਬੰਦ ਕਰਨ ਦੀਆ ਸਾਜਿਸ਼ਾ ਦੀ ਨਿੰਦਾ ਕਰਦਿਆਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਮਜਦੂਰ ਵਿਰੋਧੀ ਦੱਸਿਆ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਕੀਤੀ ਜਾਵੇ ਹਰ ਅਤੇ ਸਾਲ ਵਿੱਚ 300 ਦਿਨ ਦਾ ਜਾਤ ਗਾਰੰਟੀਸ਼ੁਦਾ ਰੁਜ਼ਗਾਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ 75 ਸਾਲਾ ਤੇ ਕਾਗਰਸ, ਅਕਾਲੀ ਦਲ, ਭਾਜਪਾ ਅਤੇ ਹੁਣ ਆਪ ਨੇ ਪੰਜਾਬ ਨੂੰ ਬਰਬਾਦ ਕੀਤਾ ਹੈ। ਉਨ੍ਹਾਂ ਅਪੀਲ ਕੀਤੀ ਕਿ ਬਸਪਾ ਦੀ 'ਪੰਜਾਬ ਸੰਭਾਲੋਂ ਮੁਹਿੰਮ ਦਾ ਸਾਥ ਦਿੱਤਾ ਜਾਵੇ ਤਾਂ ਜੋ 2027 ਵਿਚ ਪੰਜਾਬ ਨੂੰ ਮੁੜ ਖੁਸ਼ਹਾਲ ਪੰਜਾਬ ਬਣਾਇਆ ਜਾ ਸਕੇ।

## ਭਿੰਦਾ ਵਿਰਕ ਬਣੇ ਹਲਕਾ ਧੂਰੀ ਦੇ ਵਿਰਾਸਤੀ ਸੰਭਾਲ ਸੇਵਾਵਾਂ ਦਾ ਕੋਆਰਡੀਨੇਟ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਫਤਰ ਇੰਚਾਰਜ ਸ, ਰਾਜਵੰਤ ਸਿੰਘ ਘੁਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਦੇ ਭਤੀਜੇ ਸ, ਭੁਪਿੰਦਰ ਸਿੰਘ ਭਿੰਦਾ ਵਿਰਕ ਨੂੰ ਪਾਰਟੀ ਪ੍ਰਤੀ ਕੀਤੀਆ ਜਾ ਰਹੀਆਂ ਸੇਵਾਵਾਂ ਨੂੰ ਦੇਖਦਿਆਂ ਹੋਇਆਂ ਭਿੰਦਾ ਵਿਰਕ ਨੂੰ ਵਿਧਾਨ ਸਭਾ ਹਲਕਾ ਧੂਰੀ ਦੇ ਵਿਰਾਸਤ ਸੰਭਾਲ ਸੇਵਾਵਾਂ ਦਾ ਕੋਆਰਡੀਨੇਟਰ ਲਗਾਇਆ ਗਿਆ ਹੈ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਭਿੰਦਾ ਵਿਰਕ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਮਿਲੀ ਜਿੰਮੇਵਾਰੀ ਨੂੰ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ,ਪਾਰਟੀ ਦੇ ਲਈ ਪਹਿਲਾਂ ਵਾਂਗ ਦਿਨ ਰਾਤ ਮਿਹਨਤ ਕਰਕੇ ਪਾਰਟੀ ਨੂੰ ਉਚਾਈਆਂ ਤੱਕ ਲੈ ਕੇ ਜਾਣ ਦੇ ਲਈ ਆਪਣਾ ਅਹਿਮ ਯੋਗਦਾਨ ਪਾਉਣਗੇ ।ਉਹਨਾਂ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ,ਮੁੱਖ ਮੰਤਰੀ ਦੇ ਓਐਸਡੀ ਸੁਖਬੀਰ ਸਿੰਘ ਸੁੱਖੀ ਦਾ ਦਿਲ ਦੀਆਂ ਗਹਿਰਾਈਆਂ ਚੋਂ ਧੰਨਵਾਦ ਕਰਦੇ ਹਨ ਜਿਨਾਂ ਨੇ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਹੋਇਆਂ ਮੈਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ।

## ਗੁਰਦੁਆਰਾ ਟਾਹਲਾ ਸਾਹਿਬ ਤਰਸਿੱਕਾ ਨਹਿਰ ਪੁਲ ਵਿੱਖੇ ਸ੍ਰੀ ਆਖੰਡ ਪਾਠਾਂ ਦੀ ਸਲਾਨਾ ਲੜੀ ਆਰੰਭ, ਸੰਤ ਬਾਬਾ ਗੁਰਦੀਪ ਸਿੰਘ ਤਰਸਿੱਕਾ



**ਚੌਕ ਮਹਿਤਾ, 16 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰਦੁਆਰਾ ਟਾਹਲਾ ਸਾਹਿਬ ਤਰਸਿੱਕਾ ਨਹਿਰ ਪੁਲ ਵਾਲੇ ਸੰਤ ਬਾਬਾ ਗੁਰਦੀਪ ਸਿੰਘ ਤਰਸਿੱਕੇ ਵਾਲਿਆਂ ਦੀ ਅਗਵਾਈ ਹੇਠ ਸਲਾਨਾ 40 ਵਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਤੇ ਸ੍ਰੀ ਮਾਨ ਸੰਤ ਬਾਬਾ ਗੁਰਦੀਪ ਸਿੰਘ ਤਰਸਿੱਕੇ ਵਾਲਿਆਂ ਨੇ ਕਿਹਾ ਕਿ ਇਹ ਜੋੜ ਮੇਲਾ ਅਮਰ ਸ਼ਹੀਦ ਧੰਨ ਧੰਨ ਸ਼੍ਰੀ ਮਾਨ ਬਾਬਾ ਦੀਪ ਸਿੰਘ ਜੀ ਸ਼ਹੀਦ, ਮਾਸਟਰ ਅਜੀਤ ਸਿੰਘ ਸ਼ਹੀਦ ਪੂਰਨ ਬ੍ਰਹਮ ਗਿਆਨੀ ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਨੂੰ ਸਮਰਪਿਤ 15 ਜਨਵਰੀ 2026ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਸ੍ਰੀ ਆਖੰਡ ਪਾਠਾਂ ਸਾਹਿਬਾਨ ਦੀ ਲੜੀ ਆਰੰਭ ਕੀਤੀ ਗਈ ਹੈ। ਜਿਨ੍ਹਾਂ ਦੇ ਭੋਗ 15 ਫਰਵਰੀ 2026 ਨੂੰ ਸਵੇਰੇ 10 ਵਜੇ ਪਾਏ ਜਾਣਗੇ ਉਪਰੰਤ ਖੁੱਲ੍ਹੇ ਦੀਵਾਨ ਸਜਾਏ ਜਾਣਗੇ ਜਿਸ ਵਿਚ ਸਿੱਖ ਪੰਥ ਦੇ ਮਹਾਨ ਵਿਦਵਾਨ ਕਥਾ ਵਾਚਕ , ਢਾਡੀ, ਕਵੀਸ਼ਰ ਪ੍ਰਚਾਰਕ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ। ਇਸ ਮੌਕੇ ਤੇ ਸੰਤ ਮਹਾਂਪੁਰਸ਼, ਨਿਹੰਗ ਸਿੰਘ ਜਥੇਬੰਦੀਆਂ,ਨਿਰਮਲੇ ਸੰਤ, ਸਮਾਜ ਸੇਵੀ ਅਤੇ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਹਾਜ਼ਰੀਆਂ ਭਰਨਗੀਆ ।15 ਫਰਵਰੀ ਨੂੰ ਭਾਰੀ ਅੰਮ੍ਰਿਤ ਸੰਚਾਰ ਹੋਣਗੇ ਪੰਜ ਕਕਾਰ ਫ੍ਰੀ ਦਿੱਤੇ ਜਾਣਗੇ। ਸੰਤ ਬਾਬਾ ਗੁਰਦੀਪ ਸਿੰਘ ਤਰਸਿੱਕੇ ਵਾਲਿਆਂ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਸਮਾਗਮਾਂ ਵਿੱਚ ਤਨ ਮਨ ਧਨ ਨਾਲ ਸੇਵਾ ਕਰਕੇ ਆਪਣੇ ਜੀਵਨ ਨੂੰ ਸਫਲ ਕਰਨ ਜੀ।

# ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਨੇ ਬੱਚਿਆਂ ਦਾ ਕੀਤਾ ਸਵਾਗਤ




ਫ਼ਿਰੋਜ਼ਪੁਰ, 16 ਜਨਵਰੀ (ਮਨੋਹਰ ਲਾਲ) :— ਮੋਗਾ ਰੋਡ ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਜੋ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਰਨਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਅਗਵਾਈ ਹੇਠ ਚੱਲ ਰਿਹਾ ਹੈ। ਸਕੂਲ ਵਿੱਚ ਸਰਦੀਆਂ ਦੀਆਂ ਛੁੱਟੀਆਂ ਦੇ ਬਾਅਦ ਵਾਪਿਸ ਪਰਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ ਅਤੇ ਸਕੂਲ ਦੇ ਅਧਿਆਪਕਾਂ ਦੁਆਰਾ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ। ਅਧਿਆਪਕਾਂ ਨੇ ਸਭਾ ਵਿੱਚ ਸਵੇਰ ਦੀ ਪ੍ਰਾਰਥਨਾ ਦੇ ਨਾਲ—ਨਾਲ ਵਿਦਿਆਰਥੀਆਂ ਦੇ ਸਕੂਲ ਪਰਤਨ ਤੇ ਉਨ੍ਹਾਂ ਦੇ ਸਵਾਗਤ ਲਈ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸਾਰੇ ਵਿਦਿਆਰਥੀ ਅਧਿਆਪਕਾਂ ਦੁਆਰਾ ਆਯੋਜਿਤ ਸਭਾ ਵਿੱਚ ਖੁਸ਼ ਆਏ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਵੱਲੋਂ ਸਰਦੀਆਂ ਦੀਆਂ ਛੁੱਟੀਆਂ ਦੇ ਬਾਅਦ ਦੁਬਾਰਾ ਤੋਂ ਸਕੂਲ ਖੁੱਲ੍ਹਣ ਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ। ਉਨ੍ਹਾਂ ਦੇ ਬੱਚਿਆਂ ਨੂੰ ਆਪਣਾ ਸਾਰਾ ਕੰਮ ਪੂਰਾ ਕਰਨ ਅਤੇ ਆਉਣ ਵਾਲੀਆਂ ਪ੍ਰੀਖਿਆਵਾਂ ਵਿੱਚ ਚੰਗੇ ਅੰਕ ਪ੍ਰਾਪਤ ਕਰਨ ਲਈ ਅਤੇ ਪੂਰੀ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਵਿੱਚ ਧਿਆਨ ਦੇਣ ਲਈ ਪ੍ਰੇਰਿਤ ਕੀਤਾ।

## ਸਮਾਜ ਵਲੋਂ ਬੇਟੀਆਂ ਦੀ ਲੋਹੜੀ ਪਾਉਣਾ

# ਉਸਾਰੂ ਬਦਲਾਅ ਦੀ ਨਿਸ਼ਾਨੀ : ਇੰਦਰਜੀਤ ਸਿੰਘ ਵਾਰੀਆ








**ਬੇਟੀਆਂ** ਦੀ ਬੇਟਿਆਂ ਵਾਂਗ ਲੋਹੜੀ ਪਾਉਣਾਂ ਸਮਾਜ ਦੇ ਉਸਾਰੂ ਬਦਲਾਅ ਦੀ ਨਿਸ਼ਾਨੀ, ਇਨਾਂ ਵਿਚਾਰਾਂ ਦਾ ਪ੍ਰਗਟਾਵਾ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਵਲੋਂ ਬੀਤੇ ਏਰੀਏ ਦੇ ਪਿੰਡ ਬੀਣੇਵਾਲ ਵਿਖੇ ਨਵਜੰਮੀਆਂ ਬਾਲੜੀਆਂ ਦੀ ਲੋਹੜੀ ਵੰਡਣ ਤਹਿਤ ਕਰਵਾਏ ਗਏ ਸਮਾਗਮ ਵਿੱਚ ਬੋਲਦਿਆ ਆਖੇ। ਇਸ ਸਮਾਗਮ ਦੀ ਪ੍ਰਧਾਨਗੀ ਕਮਿਊਨਿਟੀ ਹੈਲਥ ਸੈਂਟਰ ਬੀਣੇਵਾਲ ਦੇ ਐਸ ਐਮ ਓ ਡਾ ਨਿਰਮਲ ਕੁਮਾਰ ,ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ, ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ ਸਾਹਿਬ, ਅਤੇ ਪਿੰਡ ਬੀਣੇਵਾਲ ਦੇ ਸਰਪੰਚ ਸ ਬਲਵਿੰਦਰ ਸਿੰਘ ਵਲੋਂ ਸਾਂਝੇ ਤੌਰ ਤੇ ਕੀਤੀ ਗਈ ਇਸ ਅਵਸਰ ਤੇ ਕਮਿਊਨਿਟੀ ਹੈਲਥ ਸੈਂਟਰ ਦੇ ਵਿਹੜੇ ਵਿਚ ਹੋਏ ਸਮਾਗਮ ਵਿਚ ਹਾਜਿਰ ਪੱਤਵੰਤੇ ਸੱਜਣਾ ਨੂੰ ਸੰਬੋਧਨ ਕਰਦਿਆਂ ਸੰਸਥਾ ਦੇ ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ, ਮੁੱਖ ਬੁਲਾਰੇ ਲੈਕਚਰਾਰ ਤਰਸੇਮ ਪਠਲਾਵਾ, ਐਸ ਐਮ ਓ ਡਾ ਨਿਰਮਲ ਕੁਮਾਰ,ਹੈਲਥ ਇੰਸਪੈਕਟਰ ਸ ਜਸਵੀਰ ਸਿੰਘ, ਅਤੇ ਪਰਵਿੰਦਰ ਸਿੰਘ ਰਾਣਾ ਪੋਸੀ ਨੇ ਬੋਲਦਿਆਂ ਇਕ ਸੁਰ ਵਿਚ ਆਖਿਆ ਕਿ ਅੱਜ ਦੇ ਸਮਾਜ ਦੀ ਮਾਨਸਿਕਤਾ ਵਿਚ ਬਾਲੜੀਆਂ ਦੀ ਲੋਹੜੀ ਪਾਉਣ ਦੇ ਮਾਮਲੇ ਵਿਚ ਬੜੀ ਤੇਜ਼ੀ ਨਾਲ ਬਦਲਾਅ ਆ ਰਿਹਾ ਹੈ। ਅੱਜ ਦੀਆਂ ਬੇਟੀਆਂ ਉਚੇ ਤੋਂ ਉਚੇ ਪ੍ਰਸ਼ਾਸਨਿਕ ਅਹੁਦਿਆਂ ਤੇ ਬੈਠੇ ਕੇ ਆਪਣੀ ਤਾਕਤ ਦਾ ਪ੍ਰਗਟਾਵਾ ਕਰ ਰਹੀਆਂ ਹਨ। ਇਸ ਲਈ ਪੜੀਆਂ ਲਿਖੀਆਂ ਬੇਟੀਆਂ ਹੁਣ ਮਾਪਿਆਂ ਤੇ ਬੋਝ ਨਹੀਂ ਹਨ। ਇਸ ਅਵਸਰ ਤੇ ਪਿੰਡ ਬੀਣੇਵਾਲ ਅਤੇ ਡੱਲੇਵਾਲ ਦੀਆਂ ਇਕ ਦਰਜਨ ਨਵ ਜਨਮੀਆਂ ਬਾਲੜੀਆਂ ਦੀ ਲੋਹੜੀ ਵੰਡਣ ਤਹਿਤ ਉਹਨਾਂ ਨੂੰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ। ਹੈਲਥ ਸੈਂਟਰ ਦੇ ਸਮੂਹ ਸਟਾਫ ਵਲੋਂ ਹਸਪਤਾਲ ਦੇ ਵਿਹੜੇ ਵਿਚ ਧੂਣੀ ਲਗਾਂ ਕੇ ਸ਼ਗਨ ਵੀ ਕੀਤਾ ਗਿਆ। ਆਖਿਰ ਵਿਚ ਡਾ ਨਿਰਮਲ ਕੁਮਾਰ ਐਸ ਐਮ ਓ ਕਮਿਊਨਿਟੀ ਹੈਲਥ ਸੈਂਟਰ ਬੀਣੇਵਾਲ ਵਲੋਂ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਅਤੇ ਸੰਸਥਾ ਦੇ ਸਮੂਹ ਅਹੁਦੇਦਾਰਾਂ ਦਾ ਸਮਾਜ ਸੇਵਾ ਅਤੇ ਉਚੇਚੇ ਤੌਰ ਤੇ ਬਾਲੜੀਆਂ ਦੇ ਜਨਮ ਦਰ ਨੂੰ ਉਤਸ਼ਾਹਿਤ ਕਰਨ ਲਈ ਧੰਨਵਾਦ ਕਰਦਿਆਂ ਆਖਿਆ ਕਿ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਵਰਗੀਆਂ ਸੰਸਥਾਵਾਂ ਦੀ ਬਦੌਲਤ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਪੂਰੇ ਦੇਸ਼ ਵਿਚ ਬਾਲੜੀਆਂ ਦੇ ਰਾਖੇ ਵਜੋਂ ਜਾਣੇ ਜਾਂਦੇ ਹਨ ਜਿਨਾਂ ਦੀ ਤਰੀਫ ਕਰਨੀ ਬਣਦੀ ਹੈ। ਸਮਾਗਮ ਦੇ ਅੰਤ ਵਿਚ ਸਾਰਿਆ ਨੂੰ ਮੂੰਗਫਲੀ ਅਤੇ ਰਿਉੜੀਆਂ ਵੰਡੀਆਂ ਗਈਆਂ। ਇਸ ਅਵਸਰ ਤੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਉਪ ਪ੍ਰਧਾਨ ਸ੍ਰੀ ਸਤੀਸ਼ ਕੁਮਾਰ ਐਮਾਂ ਜਟਾਂ,ਖੇਡ ਵਿਭਾਗ ਦੇ ਮੁਖੀ ਪ੍ਰੋ ਚਰਨਜੀਤ ਸਿੰਘ ਪੋਸੀ, ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ, ਬਲਜੀਤ ਸਿੰਘ ਪਠਲਾਵਾ, ਡਾ ਗੁਰਪ੍ਰਤਾਪ ਸਿੰਘ, ਡਾਕਟਰ ਕਰਨਵੀਰ ਸਿੰਘ,ਡਾ ਸ਼ਸ਼ੀ ਚੌਧਰੀ, ਡਾਕਟਰ ਬਲਜੀਤ ਸਿੰਘ, ਰਵਿੰਦਰ ਸਿੰਘ ਕੌਂਸਲਰ ਨਮਰਤਾ ਫਾਰਮਾਸਿਸਟ, ਪ੍ਰੀਤੀ ਫਾਰਮਾਸਿਸਟ, ਬਲਵਿੰਦਰ ਸਿੰਘ ਲੈਬ ਟੈਕਨੀਸ਼ੀਅਨ, ਪ੍ਰਮਜੀਤ ਸਿੰਘ, ਜਸਵਿੰਦਰ ਸਿੰਘ,ਸ਼ੀਸ਼ੋ ਦੇਵੀ, ਜਸਵਿੰਦਰ ਕੌਰ, ਸ਼ਸ਼ੀਕਾਂਤ ਮੈਂਬਰ ਪੰਚਾਇਤ ਬੀਣੇਵਾਲ,ਮਾਸਟਰ ਅਸ਼ਵਨੀ ਕੁਮਾਰ ਹਾਜ਼ਰ ਸਨ ਮੰਚ ਸੰਚਾਲਨ ਦੀ ਭੂਮਿਕਾ ਸੰਸਥਾ ਦੇ ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ ਨੇ ਬਾਖੂਬੀ ਨਿਭਾਈ ਗਈ।

**-ਰਿਪੋਰਟ ਹਰਪ੍ਰੀਤ ਸਿੰਘ ਪਠਲਾਵਾ**

# ਵਧ ਰਹੀ ਠੰਡ ਅਤੇ ਧੁੰਦ ਕਾਰਨ ਸਕੂਲਾਂ ਦਾ ਸਮਾਂ ਬਦਲਣ ਦੀ ਮੰਗ : ਪਾਠਕ



ਸੰਗਾਲਾ ( ਰਣਜੀਤ ਸਿੰਘ ਪੇਧਨੀ ) ਪੰਜਾਬ ਵਿੱਚ ਵਧ ਰਹੀ ਠੰਡ ਅਤੇ ਧੁੰਦ ਕਾਰਨ ਸਕੂਲਾਂ ਦੇ ਸਮੇਂ ਵਿੱਚ ਤਬਦੀਲੀ ਕਰਨ 'ਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਅਤੇ ਕਿਹਾ ਕਿ ਡਬਲ ਸ਼ਿਫਟ ਸਕੂਲਾਂ ਦੀ ਪਹਿਲੀ ਸ਼ਿਫਟ ਦਾ ਸਮਾਂ 9 ਵਜੇ ਤੋਂ 1 ਵਜੇ ਦਾ ਕੀਤਾ ਜਾਵੇ ਅਤੇ ਦੂਜੀ ਸ਼ਿਫਟ ਦਾ ਸਮਾਂ 1 ਵਜੇ ਤੋਂ 5 ਵਜੇ ਤੱਕ ਕੀਤਾ ਜਾਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਦੇ ਸਿੱਖਿਆ ਕੋਆਰਡੀਨੇਟਰ ਦਰਸ਼ਨ ਸਿੰਘ ਪਾਠਕ ਨੇ ਕੀਤਾ। ਉਨ੍ਹਾਂ ਕਿਹਾ ਕਿ ਪਹਿਲੀ ਸ਼ਿਫਟ ਦਾ ਸਮਾਂ 7:30 ਦਾ ਹੋਣ ਕਰਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਅਪੀਲ ਕਰਦਿਆਂ ਕਿਹਾ ਕਿ ਠੰਡ ਅਤੇ ਧੁੰਦ ਕਾਰਨ ਕੋਈ ਅਣਹੋਣੀ ਨਾ ਵਾਪਰ ਸਕੇ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਡਬਲ ਸ਼ਿਫਟ ਸਕੂਲਾਂ ਦਾ ਸਮਾਂ ਬਦਲਿਆ ਜਾਵੇ ਪਿਛਲੇ ਸਾਲਾਂ ਵਿੱਚ ਧੁੰਦ ਕਾਰਨ ਬਹੁਤ ਸਾਰੇ ਸੜਕੀ ਹਾਦਸਿਆਂ ਨਾਲ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਜਾਨੀ ਨੁਕਸਾਨ ਵੀ ਹੋਇਆ ਹੈ। ਉਨ੍ਹਾਂ ਕਿਹਾ ਕਿ ਡਬਲ ਸ਼ਿਫਟ ਸਕੂਲਾਂ ਦਾ ਸਮਾਂ ਬਦਲਣ ਨਾਲ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਵੀ ਵਾਧਾ ਹੋਵੇਗਾ ਅਤੇ ਸਮਾਂ ਬਦਲਣ ਕਾਰਨ ਵਿਦਿਆਰਥੀ ਛੁੱਟੀ ਲੈਣ ਤੋਂ ਵੀ ਗੁਰੇਜ਼ ਕਰਨਗੇ।

# ਸਿਰੀ ਅਕਾਲ ਤਖਤ ਸਾਹਿਬ ਜੀ ਤੇ ਜੋ ਪੰਦਰਾਂ ਦਿਨਾਂ ਤੋਂ ਰਾਮ ਰੋਲਾ ਪਿਆ ਵਿਚੋਂ ਨਿਕਲਿਆ ਕੀ—ਬੰਡਾਲਾ



ਫ਼ਿਰੋਜ਼ਪੁਰ, 16 ਜਨਵਰੀ (ਮਨੋਹਰ ਲਾਲ) :— ਦਮਦਮੀ ਟਕਸਾਲ ਦੇ ਜਥੇਦਾਰ ਗੁਰਨਾਮ ਸਿੰਘ ਬੰਡਾਲਾ ਨੇ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਕੁਰਬਾਨੀਆਂ ਦੇ ਕੇ ਵੀ ਇਕ ਪਰਿਵਾਰ ਦੇ ਕਬਜੇ ਵਿਚੋਂ ਸਿਰੀ ਅਕਾਲ ਤਖਤ ਸਾਹਿਬ ਨੂੰ ਅਜਾਦ ਕਰਵਾਇਆ ਜਾਵੇ ਪੰਦਰਾ ਦਿਨਾਂ ਤੋਂ ਅਪਣੀ ਸਿਆਸਤ ਚਮਕਾਉਣ ਵਾਸਤੇ ਸਿੱਖ ਕੌਮ ਵਿਚ ਸੁਖਬੀਰ ਬਾਦਲ ਤੇ ਭਗਵੰਤ ਮਾਨ ਨੇ ਸਿਰੀ ਆਕਾਲ ਤਖਤ ਸਾਹਿਬ ਜੀ ਤੇ ਰੋਲੇ ਰਪੇ ਰਾਹੀ ਪੂਰਾ ਡਰਾਮਾ ਖੇਡਿਆ ਹੈ ਇਜਤ ਵਾਲੇ ਗੁਰਮੁੱਖ ਲੋਕ ਇਸ ਪਾਵਨ ਅਸਥਾਨ ਤੇ ਜੋ ਕੁਕੜਖੇਹ ਲੀਡਰਾਂ ਵਲੋਂ ਓਡਾਈ ਜਾ ਰਹੀ ਹੈ ਮੂੰਹ ਵਿਚ ਉਂਗਲਾਂ ਪਾਕੇ ਬੈਠੇ ਹਨ ਸੁਖਬੀਰ ਬਾਦਲ ਤੇ ਜਥੇਦਾਰ ਗੜਗਜ ਸੰਗਤਾਂ ਨੂੰ ਦਸਣ ਪੰਦਰਾ ਦਿਨ ਦੀ ਜੋ ਕੁੱਕੜ ਖੇਹ ਉਡਾਈ ਹੈ ਉਸ ਨਾਲ ਸੰਸਾਰ ਦੇ ਸਿੱਖਾਂ ਨੂੰ ਕੀ ਲਾਭ ਹੋਇਆ। ਜਥੇਦਾਰ ਬੰਡਾਲਾ ਨੇ ਕਿਹਾ ਕਿ ਕੌਮ ਦੇ ਮਸਲੇ ਬਰਗਾੜੀ ਕਾਂਡ ਤੀਹ—ਤੀਹ ਸਾਲਾਂ ਬੰਦੀ ਸਿੰਘ ਜੇਲਾਂ ਵਿਚ ਬੰਦ ਹਨ, ਸਰਸੇ ਵਾਲੇ ਸਾਧ ਦੇ ਮਸਲੇ ਕਿਨੇ ਸਿੰਘ ਸ਼ਹੀਦ ਕਿਸ ਸਰਕਾਰ ਨੇ ਕੀਤੇ ਸਰਸੇ ਵਾਲੇ ਦੇ ਪੰਜਾਬ ਵਿਚ ਸਾਰੇ ਕੇਸ ਬਾਦਲ ਸਰਕਾਰ ਨੇ ਵਾਪਸ ਕਿਉ ਲਏ ਇਸੇ ਖੁਲ ਕਰਕੇ ਸਰਸੇ ਵਾਲੇ ਨੂੰ ਬਾਰ—ਬਾਰ ਪੈਰੋਲ ਮਿਲ ਰਹੀਂ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਜਸਪਾਲ ਸਿੰਘ ਬੱਬੇਹਾਲੀ ਤੇ ਸ਼ਿਵਸੈਨਾ ਨੇ ਕਿਉ ਮਰਵਾਇਆ ਪਰਿਵਾਰ ਇਨਸਾਫ ਲਈ ਤਖਤ ਸਾਹਿਬ ਤੇ ਕਈ ਵਾਰ ਫਰਿਆਦ ਕਰ ਚੁੱਕਾ ਹੈ ਫਿਰ ਅੱਜ ਦੇ ਅਖੌਤੀ ਸਾਧ ਸ਼ਰੇਆਮ ਸਿਰੀ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੁਰਸੀਆਂ ਬੈਂਚ ਲਾਕੇ ਬੈਠਦੇ ਸੰਗਤਾਂ ਤਖਤ ਸਾਹਿਬ ਤੇ ਲਿਖਤੀ ਰੂਪ ਵਿਚ ਰੌਲਾ ਪਾ ਚੁੱਕੀਆਂ, ਇਹ ਧਾਰਮਿਕ ਮਸਲਿਆਂ ਤੇ ਜਥੇਦਾਰ ਅੱਖਾਂ ਮੀਟ ਲੈਂਦਾ ਕੀ ਇਹ ਮਸਲੇ ਗੁਰੂ ਦੇ ਸਿਧਾਂਤ ਵਿਚ ਨਹੀਂ ਆਉਂਦੇ ਜੋ ਹਦਾਇਤ ਬਾਦਲ ਪਰਿਵਾਰ ਤੋਂ ਆਉਂਦੀ ਹੈ ਓਹ ਸਿਆਸੀ ਡਰਾਮੇ ਖੇਡੇ ਜਾ ਰਹੇ ਹਨ। ਗੱਲਬਾਤ ਕਰਦਿਆਂ ਜਥੇਦਾਰ ਗੁਰਨਾਮ ਸਿੰਘ ਬੰਡਾਲਾ ਨੇ ਕਿਹਾ ਕਿ ਸਿੱਖ ਕੌਮ ਦੇ ਹਿਰਦੇ ਇਨ੍ਹਾਂ ਡਰਾਮਿਆ ਤੋਂ ਬਹੁਤ ਦੁੱਖੀ ਹਨ ਵੋਟਾਂ ਨਾਲ ਤਖਤ ਸਾਹਿਬ ਬਾਦਲ ਪਰਿਵਾਰ ਤੋਂ ਅਜਾਦ ਕਦੀ ਨਹੀਂ ਹੋ ਸਕਦਾ ਲੋਕਾਂ ਨੂੰ ਆਟਾ ਦਾਲ ਦੇ ਕੇ ਵੋਟਾਂ ਲਈਆਂ ਜਾਂਦੀਆਂ ਹਨ ਖਾਲਸਾ ਪੰਥ ਨੂੰ ਅਪੀਲ ਹੈ ਕੁਰਬਾਨੀ ਵਾਲੇ ਸੂਰਮੇ ਕੁਰਬਾਨੀਆਂ ਲਈ ਅੱਗੇ ਆਉਣ ਨਿਹੰਗਾਂ ਸਮੇਤ ਸਭ ਸੰਸਥਾਵਾ ਲਾਲਚਾ ਰਾਹੀਂ ਅਪਣੇ ਕਬਜੇ ਵਿਚ ਬਾਦਲ ਪਰਿਵਾਰ ਨੇ ਕੀਤੀਆਂ ਹਨ ਨਿਸ਼ਕਾਮ ਸੂਰਮੇ ਇਹ ਪੰਥ ਦਾ ਕਾਰਜ ਕਰ ਸਕਦੇ ਹਨ ਸਿਰੀ ਆਕਾਲ ਤਖਤ ਸਾਹਿਬ ਜੀ ਤੋਂ ਅਰਦਾਸ ਕਰਕੇ ਸ਼ਹੀਦੀ ਜਥੇ ਬਾਦਲ ਪਰਿਵਾਰ ਦੇ ਬੂਹੇ ਵੱਲ ਤੌਰੇ ਜਾਣ ਨਹੀਂ ਤਾਂ ਸਰਨਾ ਤੇ ਬਾਦਲ ਰੋਜਾਨਾ ਤਖਤ ਸਾਹਿਬ ਤੇ ਮਨਮਰਜੀ ਦੇ ਡਰਾਮੇ ਖੇਡਣਗੇ ਸ਼੍ਰੋਮਣੀ ਕਮੇਟੀ ਬਾਦਲ ਪਰਿਵਾਰ ਦੀ ਕੰਪਨੀ ਹੈ ਇਸ ਤੋਂ ਕੌਮ ਨੂੰ ਕੋਈ ਆਸ ਨਹੀਂ ਕੌਮ ਦੇ ਮਸਲੇ ਹਲ ਕਰੇਗੀ।

# ਵਰਦਾਨ ਸੋਸ਼ਲ ਐਂਡ ਵੈਲਫੇਅਰ ਸੁਸਾਇਟੀ ਨੇ ਬਿਰਧ ਆਸ਼ਰਮ ਫ਼ਿਰੋਜ਼ਪੁਰ ਕੈਂਟ ਵਿਖੇ ਗਰਮ ਕੰਬਲ ਅਤੇ ਲੋਈਆਂ ਵੰਡ ਕੇ ਬਜ਼ੁਰਗਾਂ ਦਾ ਲਿਆ ਅਸ਼ੀਰਵਾਦ



ਫ਼ਿਰੋਜ਼ਪੁਰ, 16 ਜਨਵਰੀ (ਮਨੋਹਰ ਲਾਲ) :— ਵਰਦਾਨ ਸੋਸ਼ਲ ਐਂਡ ਵੈਲਫੇਅਰ ਸੁਸਾਇਟੀ ਨੇ ਬਿਰਧ ਆਸ਼ਰਮ ਫ਼ਿਰੋਜ਼ਪੁਰ ਕੈਂਟ ਵਿਖੇ ਬਜ਼ੁਰਗਾਂ ਨੂੰ ਗਰਮ ਕੰਬਲ ਅਤੇ ਲੋਈਆਂ ਵੰਡ ਕੇ ਬਜੁਰਗਾਂ ਦਾ ਲਿਆ ਅਸ਼ੀਰਵਾਦ। ਇਸ ਮੌਕੇ ਤੇ ਅਸ਼ੋਕ ਸੇਤੀਆ, ਜ਼ਸਪਾਲ ਸੇਤੀਆ ਨੇ ਕੰਬਲ ਅਤੇ ਲੋਈਆਂ ਵੰਡਦੇ ਹੋਏ ਭਾਵੁਕ ਹੁੰਦਿਆਂ ਕਿਹਾ ਕਿ ਸਾਡੇ ਸਮਾਜ ਵਿਚ ਬਜ਼ੁਰਗਾਂ ਨੂੰ ਭਗਵਾਨ ਦਾ ਦਰਜਾ ਦਿੱਤਾ ਹੋਇਆ ਹੈ, ਪਰ ਸਮੇਂ ਦੇ ਨਾਲ ਇਹ ਦਰਜਾ ਇਕ ਕਹਾਵਤ ਬਣ ਕੇ ਰਹਿ ਗਿਆ ਹੈ। ਸ੍ਰੀ ਅਸ਼ੋਕ ਸੇਤੀਆ ਅਤੇ ਜ਼ਸਪਾਲ ਸੇਤੀਆ ਨੇ ਅੱਗੇ ਕਿਹਾ ਕਿ ਅੱਜ ਕੱਲ ਦੇ ਨੌਜਵਾਨ ਵੇਖੋ—ਵੇਖੀ ਬਾਹਰ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਪੈਸੇ ਤੋਂ ਇਲਾਵਾ ਕੁਝ ਵੀ ਨਹੀਂ ਸੁਝਦਾ ਅਤੇ ਮਹਿੰਗੀ ਔਲਾਂਦ ਹੋਣ ਕਰਕੇ ਇਕ ਜਾਂ ਦੋ ਬੱਚੇ ਹਨ, ਉਹ ਵੀ ਬਾਹਰ ਚਲੇ ਗਏ ਹਨ, ਪਿਛੋਂ ਬਜ਼ੁਰਗਾਂ ਨੂੰ ਕੋਈ ਰੋਟੀ ਨਹੀਂ ਦਿੰਦਾ, ਮਜ਼ਬੂਰ ਹੋ ਕੇ ਉਨ੍ਹਾਂ ਨੂੰ ਬਿਰਧ ਆਸ਼ਰਮ ਦਾ ਸਹਾਰਾ ਲੈਣਾ ਪੈਂਦਾ ਹੈ, ਇਸ ਦੇ ਨਾਲ ਹੀ ਅੱਜ ਕੱਲ ਦੇ ਬੱਚੇ ਆਪਣੇ ਬਜ਼ੁਰਗਾਂ ਨੂੰ ਬੋਝ ਸਮਝਦੇ ਹਨ ਅਤੇ ਘਰ ਵਿਚ ਉਨ੍ਹਾਂ ਦੀ ਕੋਈ ਇਜਤ ਨਹੀਂ ਕਰਦੇ ਅਤੇ ਬਜ਼ੁਰਗ ਮਜ਼ਬੂਰ ਹੋ ਕੇ ਬਿਰਧ ਆਸ਼ਰਮ ਦਾ ਸਹਾਰਾ ਲੈਂਦੇ ਹਨ। ਉਪਰੋਕਤ ਆਗੂਆਂ ਨੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮਾਂ—ਬਾਪ ਦੀ ਸੇਵਾ ਕਰਨ ਤਾਂ ਜ਼ੋ ਉਨ੍ਹਾਂ ਨੂੰ ਬਿਰਧ ਆਸ਼ਰਮ ਦਾ ਸਹਾਰਾ ਨਾ ਲੈਣਾ ਪਵੇ।

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦਾ ਪੰਜਾਬ ਦੌਰਾ

# ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਨਿੱਘੀ ਮਹਿਮਾਨ ਨਿਵਾਜ਼ੀ, ਪੰਜਾਬੀ ਵਿਰਸੇ ਤੇ ਸੱਭਿਆਚਾਰ ਦੀ ਖੁੱਲ੍ਹ ਕੇ ਸ਼ਲਾਘਾ











**ਅੰਮ੍ਰਿਤਸਰ, 16 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੌਰੇ 'ਤੇ ਆਈ ਦੇਸ਼ ਦੀ ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਜੀ ਦਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੰਜਾਬ ਸਰਕਾਰ ਵੱਲੋਂ ਬਹੁਤ ਹੀ ਨਿੱਘੇ ਅਤੇ ਸਨਮਾਨਤ ਢੰਗ ਨਾਲ ਸਵਾਗਤ ਕੀਤਾ ਗਿਆ। ਇਸ ਦੌਰਾਨ ਪੰਜਾਬ ਦੀ ਰਵਾਇਤੀ ਮਹਿਮਾਨ ਨਿਵਾਜ਼ੀ ਨੇ ਸਭ ਦਾ ਮਨ ਮੋਹ ਲਿਆ। ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਣ 'ਤੇ ਰਾਸ਼ਟਰਪਤੀ ਜੀ ਦਾ ਸਨਮਾਨਤ ਅਧਿਕਾਰੀਆਂ ਅਤੇ ਪ੍ਰਸ਼ਾਸਨ ਵੱਲੋਂ ਭਰਪੂਰ ਆਦਰ ਨਾਲ ਸਵਾਗਤ ਕੀਤਾ ਗਿਆ। ਦੌਰੇ ਦੌਰਾਨ ਉਨ੍ਹਾਂ ਲਈ ਵਿਸ਼ੇਸ਼ ਤੌਰ 'ਤੇ ਰਵਾਇਤੀ ਪੰਜਾਬੀ ਖਾਣਿਆਂ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿੱਚ ਮੱਕੀ ਦੀ ਰੋਟੀ, ਸਰੋਂ ਦਾ ਸਾਗ, ਦਾਲ ਮਖਣੀ, ਛੋਲੇ-ਭਟੂਰੇ, ਲੱਸੀ ਸਮੇਤ ਹੋਰ ਪ੍ਰਸਿੱਧ ਪੰਜਾਬੀ ਵਿਅੰਜਨ ਸ਼ਾਮਲ ਸਨ। ਰਾਸ਼ਟਰਪਤੀ ਜੀ ਨੇ ਪੰਜਾਬੀ ਖਾਣੇ ਦਾ ਖੂਬ ਆਨੰਦ ਮਾਣਿਆ ਅਤੇ ਇਸ ਦੀ ਸੁਆਦਲੀ ਪਰੰਪਰਾ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਇਸ ਮੌਕੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਜੀ ਨੇ ਪੰਜਾਬ ਸਰਕਾਰ ਵੱਲੋਂ ਪੰਜਾਬੀ ਵਿਰਸੇ, ਸੱਭਿਆਚਾਰ ਅਤੇ ਰਿਵਾਇਤਾਂ ਦੀ ਸਾਂਭ-ਸੰਭਾਲ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮਹਿਮਾਨ ਨਿਵਾਜ਼ੀ ਸਾਰੀ ਦੁਨੀਆ ਵਿੱਚ ਆਪਣੀ ਇੱਕ ਵਿਲੱਖਣ ਪਛਾਣ ਰੱਖਦੀ ਹੈ ਅਤੇ ਇੱਥੋਂ ਦੇ ਲੋਕਾਂ ਦੀ ਸਾਦਗੀ, ਪਿਆਰ ਅਤੇ ਸਨਮਾਨ ਦੀ ਭਾਵਨਾ ਹਰ ਮਹਿਮਾਨ ਦੇ ਦਿਲ ਨੂੰ ਛੂਹ ਲੈਂਦੀ ਹੈ। ਰਾਸ਼ਟਰਪਤੀ ਜੀ ਨੇ ਕਿਹਾ ਕਿ ਪੰਜਾਬ ਨੇ ਦੇਸ਼ ਦੀ ਆਜ਼ਾਦੀ, ਖੇਤੀਬਾੜੀ ਅਤੇ ਸੱਭਿਆਚਾਰਕ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ ਹੈ ਅਤੇ ਇੱਥੋਂ ਦੀ ਧਰਤੀ ਸਦਾ ਹੀ ਦੇਸ਼ਭਗਤੀ ਅਤੇ ਸਾਂਝੀਵਾਲਤਾ ਦੀ ਪ੍ਰਤੀਕ ਰਹੀ ਹੈ। ਪੰਜਾਬ ਸਰਕਾਰ ਵੱਲੋਂ ਵੀ ਰਾਸ਼ਟਰਪਤੀ ਜੀ ਦਾ ਦੌਰਾ ਸਫਲ ਬਣਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਸੁਰੱਖਿਆ, ਪ੍ਰੋਟੋਕੋਲ ਅਤੇ ਸੱਭਿਆਚਾਰਕ ਪੇਸ਼ਕਸ਼ਾਂ ਰਾਹੀਂ ਪੰਜਾਬ ਦੀ ਧਨੀ ਵਿਰਾਸਤ ਨੂੰ ਸੁੰਦਰ ਢੰਗ ਨਾਲ ਉਜਾਗਰ ਕੀਤਾ ਗਿਆ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਜੀ ਦਾ ਇਹ ਦੌਰਾ ਨਾ ਸਿਰਫ਼ ਪ੍ਰਸ਼ਾਸਨਕ ਪੱਖੋਂ ਮਹੱਤਵਪੂਰਣ ਰਿਹਾ, ਸਗੋਂ ਪੰਜਾਬੀ ਸੱਭਿਆਚਾਰ ਅਤੇ ਮਹਿਮਾਨ ਨਿਵਾਜ਼ੀ ਨੂੰ ਰਾਸ਼ਟਰੀ ਪੱਧਰ 'ਤੇ ਇੱਕ ਵਾਰ ਫਿਰ ਮਾਣ ਦਿਵਾਉਣ ਵਾਲਾ ਸਾਬਤ ਹੋਇਆ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243




★ ਜਾਰੀ ਕਰਤਾ ★

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
+447458381111 +447976210161 +919729091243